ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ


ਪਟਿਆਲਾ


ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥


ਮਾਰਚ ੧੯੬੮

MARCH 1968




ਪਵਿਤ੍ਰ ਗੁਰਧਾਮਾਂ ਦੀ ਯਾਤਰਾ ਕਰਦੇ ਸਮੇਂ ਬੰਬਈ
ਪੁਜਣ ਤੇ ਯਾਤਰੀ ਜਥੇ ਦਾ ਉਥੋਂ ਦੀਆਂ
ਸੰਗਤਾਂ ਵਲੋਂ ਸਵਾਗਤ ਸਮੇਂ ਦਾ
ਇਕ ਅਦੁਤੀ ਦ੍ਰਿਸ਼


www.AKJ.Org

# ਲੇਖ-ਸੂਚੀ


| ਨੰ. | ਲੇਖ | ਪੰਨਾ | ਲੇਖਕ |
|---|---|---|---|
| ੧ | ਸੰਪਾਦਕੀ | ੪ | ਸੰਪਾਦਕ |
| ੨ | ਪੰਜਵਾਂ ਤਖ਼ਤ ਸ੍ਰੀ ਦਮਦਮਾ ਸਾਹਿਬ | ੫ | ਸਕੱਤਰ, ਸ਼ਰੋਮਣੀ ਗੁ: ਪ੍ਰ: ਕਮੇਟੀ। |
| ੩ | ਸਾਲਾਨਾ ਹੋਲਾ ਮਹੱਲਾ ਸਮਾਗਮ, ਚੰਡੀਗੜ੍ਹ | ੬ | ਅਖੰਡ ਕੀਰਤਨੀ ਜਥਾ, ਚੰਡੀਗੜ੍ਹ |
| ੪ | ਅੰਮ੍ਰਿਤ ਨਾਮ ਜਾ ਨਾਮ ਅੰਮ੍ਰਿਤ | ੭ | ਸਚਖੰਡਵਾਸੀ ਭਾ. ਸਾਹਿਬ ਭਾ. ਰਣਧੀਰ ਸਿੰਘ ਜੀ |
| ੫ | ਗਰੀਬਦਾਸੀਆ ਨਿਹੰਗ ਸਿੰਘ | ੧੩ | ਭਾ. ਮਨਮੋਹਨ ਸਿੰਘ ਜੀ M.Sc. ਜੈਪੁਰ |
| ੬ | ਪ੍ਰੇਮ ਖੇਲਣ ਕਾ ਚਾਉ | ੨੦ | ਇਕ ਇਤਹਾਸਕ ਖੋਜੀ ਦੀ ਕਲਮ ਤੋਂ |
| ੭ | ਰਹਿਤ ਪਿਆਰੀ ਮੁਹਿ ਕੋ | ੨੨ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੮ | ਜੋ ਬਾਬੇ ਕੇ ਦਾਮ ਨਾ ਦੇਹੈਂ। ਤਿਨ ਕੇ ਗਹਿ ਬਾਬਰ ਕੇ ਲੈਹੈਂ। | ੨੫ | ਭਾਈ ਗਿਆਨ ਸਿੰਘ ਜੀ ਪਟਿਆਲਾ |
| ੯ | ਅੰਮ੍ਰਿਤ ਵੇਲਾ | ੨੯ | ਡਾ. ਤੇਜਇੰਦਰ ਸਿੰਘ ਜੀ ਭੁਪਾਲ |
| ੧੦ | ਨਾਮ-ਅੰਮ੍ਰਿਤ ਲਈ ਅੰਮ੍ਰਿਤ-ਜਾਗ ਦੀ ਲੋੜ | ੩੩ | ਭਾ. ਮਾਲਕ ਸਿੰਘ ਜੀ B Sc. ਕਾਨਪੁਰ |
| ੧੧ | ਗੁਰਮਤਿ ਦੇ ਝਰੋਖੇ 'ਚੋਂ | ੩੭ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੨ | ਪੰਜਾਂ ਦਾ ਇਕ ਨੁਸਖ਼ਾ | ੩੯ | ਪ੍ਰੋ. ਗੁਰਮੁਖ ਸਿੰਘ ਜੀ M.A. ਪਟਿਆਲਾ |
| ੧੩ | ਸਾਲਾਨਾ ਕੀਰਤਨ ਸਮਾਗਮ ਡਾਲੇਮਾਜਰਾ | ੪੦ | ਸੰਗਤ ਡਾਲੋ ਮਾਜਰਾ |
| ੧੪ | ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ | ੪੧ | ਰੀਪੋਰਟਰ ਸੂਰਾ |
| ੧੫ | ਧਾਰਮਿਕ ਤਰੁਟੀਆਂ | ੪੬ | ਭਾਈ ਹਰਦੇਵ ਸਿੰਘ ਜੀ ਹਰਿਆਣਾ (ਫ਼ੀਰੋਜ਼ਪੁਰ) |


## ਇਸ ਮਹੀਨੇ ਦੇ ਗੁਰਪੁਰਬ

ਪਾਤਸ਼ਾਹੀ ਸਤਵੀਂ ਗੁਰਿਆਈ ਮਿਲੀ ... ... ... ੨੬ ਮਾਰਚ

ਪਾਤਸ਼ਾਹੀ ਤੀਜੀ ਗੁਰਿਆਈ ਮਿਲੀ ... ... ... ੨੯ ਮਾਰਚ

**ਜ਼ਰੂਰੀ ਸੋਧ:**—ਪੰਨਾ ੩੨ ਉਤੇ ਪੰਦਰ੍ਹਵੀਂ ਲਾਈਨ ਵਿਚ 'ਸ੍ਰੀ ਜੀ ਵਾਰ' ਦੀ ਥਾਂ 'ਸ੍ਰੀ ਆਸਾ ਜੀ ਦੀ ਵਾਰ' ਪੜ੍ਹਿਆ ਜਾਵੇ। ਗਲਤੀ ਲਈ ਖਿਮਾਂ! (ਦਾਸ—ਐਡੀਟਰ)

www.AKJ.Org

ਜਾ ਕਉ ਹਰਿ ਰੰਗੁ ਲਾਗੌ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

## ਪਟਿਆਲਾ

ਮਾਸਕ ਪਤ੍ਰ

### ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੩ | ਫਗਨ—ਚੇਤ ੪੯੯ ਨਾਨਕ ਸ਼ਾਹੀ | ਅੰਕ ਨੰ: ੨


ਬਰਸੈ ਅੰਮ੍ਰਿਤਧਾਰ ਬੂੰਦ ਸੁਹਾਵਣੀ ॥
ਸਾਜਨ ਮਿਲੇ ਸਹਿਜ ਸੁਭਾਇ, ਹਰਿ ਸਿਉ ਪ੍ਰੀਤਿ ਬਣੀ ॥
ਹਰਿ ਮੰਦਰਿ ਆਵੈ, ਜਾਂ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ ॥
ਘਰਿ ਘਰਿ ਕੰਤੁ ਰਵੈ ਸੋਹਾਗਣਿ, ਹਉ ਕਿਉ ਕੰਤਿ ਵਿਸਾਰੀ ॥
ਉਨਵਿ ਘਨ ਛਾਏ ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰਿ ਆਵੈ ॥ ੪ ॥
ਚੇਤੁ ਬਸੰਤੁ ਭਲਾ, ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ,ਧਨ ਕਿਉ ਸੁਖੁ ਪਾਵੈ,ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਿਜ ਸੁਖੁ ਪਾਵੈ, ਜੇ ਹਰਿ ਵਰੁ ਧਨ ਪਾਏ ॥ ੫ ॥

ਆਨਰੇਰੀ ਐਡੀਟਰ :
ਮਨੋਹਰ ਸਿੰਘ

ਮਾਰਚ ੧੯੪੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਮਾਰਚ ੧੯੪੮ ਨੂੰ ਪ੍ਰਕਾਸ਼ਤ ਕੀਤਾ।

www.AKJ.Org




ਪੰਜਾਬ ਸਰਕਾਰ ਦਾ ਇਹ ਕਦਮ ਸਰਾਹਨਾ ਯੋਗ ਹੈ ਕਿ ਪੰਜਾਬ ਭਰ ਵਿੱਚ ਫ਼ਿਲਮ "Evening in Paris" 'ਪੈਰਸ ਵਿਚ ਇਕ ਸ਼ਾਮ' ਕਾਨੂੰਨਨ ਬੰਦ ਕਰਵਾ ਦਿਤੀ ਹੈ ਕਿਉਂਕਿ ਇਸ ਫਿਲਮ ਵਿਚ ਜੋ ਸਿਖ ਪਾਤਰ ਮਖਨ ਸਿੰਘ ਡਰਾਈਵਰ ਦਿਖਾਇਆ ਗਿਆ ਹੈ ਉਹ ਪਰਲੇ ਦਰਜੇ ਦਾ ਡਰਪੋਕ ਅਤੇ ਅਤਿ ਹਾਸੋਹੀਣਾ ਵਿਖਾਇਆ ਗਿਆ ਹੈ। ਪੰਜਾਬ ਦੇ ਸਭ ਸਿਖ ਸੋਸਾਇਟੀਆਂ ਨੇ ਫ਼ਿਲਮ ਇੰਡਸਟਰੀ ਦੀ ਇਸ ਹਰਕਤ ਨੂੰ ਬਹੁਤ ਹੀ ਬੁਰਾ ਮਨਾਇਆ ਹੈ। ਸਾਨੂੰ ਇਹ ਹੈਰਾਨੀ ਹੈ ਕਿ ਸੈਂਸਰ ਬੋਰਡ ਕਿਵੇਂ ਧਰਮ ਨਿਰਪਖ (Secular) ਹੋ ਸਕਦਾ ਹੈ ਜੇ ਉਹ ਸਿਖ ਕਲਚਰ ਨੂੰ ਇਤਨੇ ਬੇਹੂਦਾ ਤਰੀਕੇ ਨਾਲ ਪੇਸ਼ ਕਰਨ ਦੀ ਆਗਿਆ ਦਿੰਦਾ ਹੈ। ਇਹ ਸਰਾਸਰ ਸ਼ਰਾਰਤ ਹੈ ਜੋ ਸਿਖਾਂ ਜਿਹੀ ਬਹਾਦਰ, ਅਣਖੀਲੀ ਤੇ ਧਰਮ ਰਖਿਅਕ ਕੌਮ ਨਾਲ ਜਾਣ ਬੁਝ ਕੇ ਕੀਤੀ ਹੈ। ਸਾਰਾ ਭਾਰਤ ਮੰਨਦਾ ਹੈ ਕਿ ਸਿਖ ਬਹਾਦਰ ਕੌਮ ਹੈ, ਸਿਖਾਂ ਦੀ ਬਹਾਦਰੀ ਦਾ ਸਿੱਕਾ ਖ਼ਾਸ ਕਰਕੇ ਪਾਕਿਸਤਾਨੀ, ਤੇ ਹੋਰ ਕਈ ਦੇਸ਼ ਮੰਨਦੇ ਹਨ ਜਿਥੇ ਜਿਥੇ ਸਿੰਘਾਂ ਨੇ ਪਿਛਲੇ ਮਹਾਂ ਯੁਧ ਵਿੱਚ ਆਪਣੀ ਬਹਾਦਰੀ ਤੇ ਵਫ਼ਾਦਾਰੀ ਦਾ ਸਬੂਤ ਦਿਤਾ ਸੀ। ਮਖਨ ਸਿੰਘ ਨੂੰ ਹਾਸੋਹੀਣ ਦਸ਼ਾ ਵਿੱਚ ਵਿਖਾ ਕੇ ਤੇ ਡਰਪੋਕਾਂ ਵਾਲਾ ਰੋਲ ਦੇ ਕੇ ਭਾਰਤ ਦੀ ਫ਼ਿਲਮ ਇੰਡਸਟਰੀ ਨੇ ਸਿਖਾਂ ਵਿਰੁਧ, ਸਿਖ ਕਲਚਰ ਤੇ ਤਹਿਜ਼ੀਬ ਵਿਰੁਧ ਜਾਣ ਬੁਝ ਕੇ ਸ਼ਰਾਰਤ ਕੀਤੀ ਹੈ। ਅਸੀਂ ਕੇਂਦਰੀ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੀ ਅਪੀਲ ਕਰਦੇ ਹਾਂ। ਸਭ ਸਿਖ ਸੰਗਤਾਂ ਨੂੰ ਭੀ ਬਿਨੇ ਕਰਦੇ ਹਾਂ ਕਿ ਉਹ ਇਸ ਵਿਰੁਧ ਆਪਣੀ ਆਵਾਜ਼ ਉਠਾਉਣ।

---

(ਸਫਾ 5 ਦੀ ਬਾਕੀ)

† ਤਖਤ ਸਾਹਿਬ ਦੇ ਫੈਸਲੇ ਹਾਸਲ ਕਰਦੇ ਤੇ ਪਰਚਾਰਦੇ ਰਹੇ ਹਨ, ਰਿਆਸਤਾਂ ਵਲੋਂ ਤਖਤ ਸਾਹਿਬ ਨੂੰ ਲਗੀਆਂ ਜਾਗੀਰਾਂ ਤੇ ਸਰਕਾਰੀ ਕਾਗਜ਼ਾਤ ਵਿਚ ਮਿਲਦੇ ਸਬੂਤਾਂ ਤੇ ਹੋਰ ਸਮੱਗਰੀ ਦੇ ਅਧਾਰ ਉਤੇ ਤਖਤ ਸ੍ਰੀ ਦਮਦਮਾ ਸਾਹਿਬ ਗੁਰੂ ਕਾਂਸ਼ੀ ਨੂੰ ਤਖ਼ਤ ਪਰਵਾਨ ਕੀਤਾ ਜਾਂਦਾ ਹੈ ਤੇ ਸਮੂਹ ਸੰਗਤਾਂ ਪ੍ਰਤੀ ਵਿਦਿਤ ਕੀਤਾ ਜਾਂਦਾ ਹੈ ਕਿ ਉਹ ਅਰਦਾਸੇ ਸਮੇਂ ਇਸ ਤਖਤ ਸਾਹਿਬ ਦਾ ਧਿਆਨ ਵੀ ਧਰਿਆ ਕਰਨ। ਇਸ ਬਾਰੇ ਸਮੂੰਹ ਸੰਬੰਧਤ ਕਾਰਵਾਈ ਕਰਨ ਦੇ ਅਧਿਕਾਰ ਪਰਧਾਨ ਸਾਹਿਬ ਸ਼ਰੋਮਣੀ ਕਮੇਟੀ ਨੂੰ ਸੌਂਪੇ ਜਾਂਦੇ ਹਨ।

ਇਹ ਭੀ ਪਰਵਾਨ ਹੋਇਆ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਦਾ ਮੈਂਬਰ ਸਮਝਣ ਲਈ ਗੁ. ਐਕਟ ਵਿਚ ਲੋੜੀਂਦੀ ਤਰਮੀਮ ਕਰਨ ਲਈ ਪੰਜਾਬ ਸਰਕਾਰ ਪਾਸ ਸਿਫਾਰਸ਼ ਕੀਤੀ ਜਾਂਦੀ ਹੈ।" ਦਸਤਖਤ—ਮਹਿੰਦਰ ਸਿੰਘ ਗਿਆਨੀ

ਸਕੱਤਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।


www.AKJ.Org

# ਪੰਜਵਾਂ ਤਖਤ ਸ੍ਰੀ ਦਮਦਮਾ ਸਾਹਿਬ

## ਗੁਰੂ ਕੀ ਕਾਂਸ਼ੀ

[ਤਖਤ ਸਾਹਿਬਾਨ ਬਾਰੇ ਖੋਜ ਗਿਆਨੀ ਗੁਰਦਿਤ ਸਿੰਘ ਸੰਪਾਦਕ 'ਪ੍ਰਕਾਸ਼' ਚੰਡੀਗੜ੍ਹ ਨੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਰੇਰਨਾ ਨਾਲ ਸ਼ਰੋਮਣੀ ਕਮੇਟੀ ਹੇਠ ਅਰੰਭੀ ਸੀ। ਹੇਠ ਦਿਤਾ ਗੁਰਮਤਾ ਗਿਆਨੀ ਜੀ ਦੀ ਖੋਜ ਦਾ ਸਫ਼ਲ ਨਤੀਜਾ ਹੈ। ਵਧੇਰੀ ਵਾਕਫੀ ਲਈ ਗੁਰਦੁਆਰਾ ਗਜ਼ਟ ਨਵੰਬਰ ੧੯੬੬ ਵੇਖਿਆ ਜਾ ਸਕਦਾ ਹੈ, ਜਾਂ ਗਿਆਨੀ ਗੁਰਦਿਤ ਸਿੰਘ ਜੀ ਸੰਪਾਦਕ 'ਪ੍ਰਕਾਸ਼' ਸੈਕਟਰ ੧੮—ਡੀ ਚੰਡੀਗੜ੍ਹ ਤੋਂ ਇਸ ਸੰਬੰਧ ਵਿਚ ਛਪਿਆ ਸਪੈਸ਼ਲ ਨੰਬਰ ਮਿਲ ਸਕਦਾ ਹੈ ਜਿਸਦਾ ਸ਼ਾਇਦ ਉਹ ਕੋਈ ਮੁਲ ਨਹੀਂ ਲੈਂਦੇ ! —ਸੰਪਾਦਕ]

ੴ ਵਾਹਿਗੁਰੂ ਜੀ ਕੀ ਫ਼ਤਹ ॥

ਦਫ਼ਤਰ—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇਜਾ ਸਿੰਘ ਸਮੁੰਦਰੀ ਹਾਲ,

ਨੰ———/੮ ਸ੍ਰੀ ਅੰਮ੍ਰਿਤਸਰ ਜੀ ੨੨-੧-੧੯੬੮

(੧) ਸਮੂਹ ਮੈਨੇਜਰ ਗੁ: ਸਾਹਿਬਾਨ ਸੈਕਸ਼ਨ ੮੫ ਤੇ ੮੭, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(੨) ਪਰਧਾਨ ਸਾਹਿਬਾਨ, ਸਮੂਹ ਸਿੰਘ ਸਭਾਵਾਂ, ਅਕਾਲੀ ਜਥਿਆਂ, ਲੋ: ਗੁ: ਕਮੇਟੀਆਂ।

ਪ੍ਰਯੋਜਨ—ਅਰਦਾਸ ਪੰਜਵਾਂ ਤਖਤ (ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ)

ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਜਨਰਲ ਸਮਾਗਮ ਮਿਤੀ ੧੮-੧੧-੬੬ ਵਿਖੇ ਪਰਵਾਨ ਹੋਏ ਮਤੇ ਦਾ ਉਤਾਰਾ ਦਰਜ ਕੀਤਾ ਜਾਂਦਾ ਹੈ। ਆਪ ਨੇ ਇਸ ਫੈਸਲੇ ਦੇ ਅਧਾਰ ਤੇ ਅਗੋਂ ਲਈ ਚਹੁੰ ਤਖਤਾਂ ਦੀ ਥਾਵੇਂ ਪੰਜਾਂ ਤਖਤਾਂ ਦੀ ਅਰਦਾਸ ਕਰਾਉਣ ਦਾ ਪਰਬੰਧ ਕਰਨਾ:—

"ਅਜ ਦਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ ੭੮੯, ੩੦-੭-੬੦ ਰਾਹੀਂ ਕਾਇਮ ਕੀਤੀ ਗਈ ਸਬ-ਕਮੇਟੀ ਦੀ ਰਿਪੋਰਟ, ਜੋ ਨਵੰਬਰ ਦੇ ਗੁ: ਗਜ਼ਟ ਵਿਚ ਛਾਪੀ ਜਾ ਚੁਕੀ ਸੀ, ਜਿਸ ਬਾਰੇ ਅਨੇਕਾਂ ਪੰਥ ਪ੍ਰਸਿੱਧ ਵਿਦਵਾਨਾਂ ਦੀਆਂ ਰਾਵਾਂ ਪ੍ਰੋੜ੍ਹਤਾ ਵਿਚ ਪੁਜ ਚੁਕੀਆਂ ਹਨ ਅਤੇ ਜੋ ਮਸਲਾ ਗੁ. ਐਕਟ ਬਣਨ ਵੇਲੇ ਤੋਂ ਹੀ ਬਹਿਸ ਦਾ ਵਿਸ਼ਾ ਬਣਿਆ ਆ ਰਿਹਾ ਹੈ, ਸਬ-ਕਮੇਟੀ ਦੀ ਰੀਪੋਰਟ ਵਿਚ ਖੋਜ ਕੇ ਪੇਸ਼ ਕੀਤੇ ਇਤਿਹਾਸਕ ਪ੍ਰਾਚੀਨ ਸਬੂਤਾਂ, ਹੁਕਮ-ਨਾਮਿਆਂ ਅਤੇ ਹੋਰ ਪ੍ਰਾਚੀਨ ਲਿਖਤਾਂ, ਰਾਜ ਸਰਕਾਰਾਂ ਨਾਲ ਹੋਏ ਚਿੱਠੀ ਪੱਤਰ ਅਤੇ ਸਰਕਾਰੀ ਪੜਤਾਲਾਂ ਤੋਂ ਸਿਧ ਹੈ ਕਿ ਸ੍ਰੀ ਤਖਤ ਦਮਦਮਾ ਸਾਹਿਬ ਪ੍ਰਾਚੀਨ ਸਮੇਂ ਤੋਂ ਹੀ ਤਖਤ ਹੈ।

ਪ੍ਰਾਚੀਨ ਸਮੇਂ ਤੋਂ ਪੰਥ ਦੇ ਵਿਦਵਾਨਾਂ ਦੀਆਂ ਲਿਖਤਾਂ, ਖਾਸ ਕਰਕੇ ਉਨ੍ਹਾਂ ਲਿਖਤਾਂ ਅਤੇ ਹੁਕਮ-ਨਾਮਿਆਂ, ਪ੍ਰਸ਼ੰਸਾ ਤੇ ਪ੍ਰਵਾਨਗੀ ਪੱਤਰਾਂ ਜੋ ਮਤ-ਭੇਦੀ ਮਸਲਿਆਂ ਬਾਰੇ ਉਘ ਉਘੇ ਵਿਦਵਾਨ ਤਖਤ ਦਮਦਮੇ ਸਾਹਿਬ ਤੋਂ ਹਾਸਲ ਕਰਦੇ ਅਤੇ ਸਮੇਂ ਦੀ ਪਟਿਆਲਾ ਸਰਕਾਰ ਦੀ ਕਰੋਪੀ ਕਾਰਨ ਵੀ

(ਬਾਕੀ ਦੇਖੋ ਸਫ਼ਾ ੪, ਸੰਪਾਦਕੀ ਹੇਠ)


www.AKJ.org

# ਸਾਲਾਨਾ ਹੋਲਾ ਮਹੱਲਾ ਸਮਾਗਮ, ਚੰਡੀਗੜ੍ਹ

ਅਕਾਲ ਪੁਰਖ ਦੀ ਅਪਾਰ ਕ੍ਰਿਪਾ ਦੁਆਰਾ ਚੰਡੀਗੜ੍ਹ ਵਿਖੇ ਸਾਲਾਨਾ ਹੋਲਾ ਮਹੱਲਾ ਕੀਰਤਨ ਸਮਾਗਮ ੧੪ ਤੋਂ ੧੭ ਮਾਰਚ, ੧੯੬੮ ਨੂੰ ਹੇਠ ਲਿਖੇ ਪਰੋਗਰਾਮ ਅਨੁਸਾਰ ਹੋ ਰਿਹਾ ਹੈ। ਇਸ ਵਿਚ ਦੂਰੋਂ ੨ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਾਥੀ ਕੀਰਤਨੀ ਜਥੇ ਪੁਜਣਗੇ। ਆਪ ਜੀ ਦੀ ਸੇਵਾ ਵਿਖੇ ਦੋਇ ਕਰ ਜੋੜ ਬਿਨੈ ਹੈ ਕਿ ਆਪ ਜੀ ਸਹਿਤ ਪ੍ਰਵਾਰ ਦਰਸ਼ਨ ਦੇਕੇ ਦਾਸਾਂ ਨੂੰ ਨਿਵਾਜੋ। ਬਾਹਰੋਂ ਆਏ ਸਜਣਾਂ ਦਾ ਬਿਸਰਾਮ ਦਾ ਪ੍ਰਬੰਧ ਬੁੰਗਾ ਨੰਬਰ ੩੦੩੨,ਸੈਕਟਰ ੧੯-ਡੀ ਦੇ ਨਜ਼ਦੀਕ ਕੀਤਾ ਜਾਵੇਗਾ।

ਪੁਛ ਗਿਛ ਲਈ:—
ਹਰਚਰਨ ਸਿੰਘ ੩੦੩੨, ਸੈਕਟਰ ੧੯ ਡੀ., ਚੰਡੀਗੜ੍ਹ

ਆਪ ਜੀ ਦੇ ਦਰਸ਼ਨ ਅਭਿਲਾਸ਼ੀ:—
ਅਖੰਡ ਕੀਰਤਨੀ ਜਥਾ, ਚੰਡੀਗੜ੍ਹ।

## *** ਪਰੋਗਰਾਮ ***

੧੪ ਮਾਰਚ, ੧੯੬੮—ਕੀਰਤਨ ਸਵੇਰੇ ੫ ਵਜੇ ਤੋਂ ੧ ਵਜੇ ਤਕ ਗੁਰਦੁਆਰਾ ਸਾਹਿਬ ਸੈਕਟਰ ੧੯—ਡੀ। ਰਹਿਰਾਸ ਸਾਹਿਬ ਅਤੇ ਕੀਰਤਨ ਸ਼ਾਮ ਨੂੰ ੭ ਤੋਂ ੯ ਵਜੇ ਤਕ ਗੁਰਦੁਆਰਾ ਸਾਹਿਬ ਸੈਕਟਰ ੧੯—ਡੀ।

੧੫ ਮਾਰਚ, ੧੯੬੮—ਕੀਰਤਨ ਦਿਨ ਸੁਹੇਲਾ (ਸਵੇਰੇ ੬ ਵਜੇ ਤੋਂ ਸ਼ਾਮ ਦੇ ੬ ਵਜੇ ਤਕ) ਗੁਰਦੁਆਰਾ ਸਾਹਿਬ ਸੈਕਟਰ ੨੨—ਡੀ।

੧੬ ਮਾਰਚ, ੧੯੬੮—ਕੀਰਤਨ ਸ੍ਰੀ ਆਸਾ ਜੀ ਦੀ ਵਾਰ ਸਵੇਰੇ ੫ ਤੋਂ ੧੧ ਵਜੇ ਤਕ ਗੁਰਦੁਆਰਾ ਸ੍ਰੀ ਕਲਗੀਧਰ ਸਿੰਘ ਸਭਾ, ਸੈਕਟਰ ੨੧—ਸੀ।

੧੬ ਮਾਰਚ, ੧੯੬੮—ਰੈਣ ਸਬਾਈ ਕੀਰਤਨ ਸ਼ਾਮ ਨੂੰ ੮॥ ਵਜੇ ਤੋਂ ਸਵੇਰੇ ੯ ਵਜੇ ਤਕ ੧੭ ਮਾਰਚ, ੧੯੬੮ ਗੁ: ਸਾਹਿਬ ਸੈਕਟਰ ੧੯—ਡੀ.।

ਨੋਟ:—੧. ਅੰਮ੍ਰਿਤ ਸੰਚਾਰ ਸਮਾਗਮ ੧੬ ਮਾਰਚ, ੧੯੬੮ ਨੂੰ ਦੁਪੈਹਰ ਦੇ ੩ ਵਜੇ ਗੁਰਦੁਆਰਾ ਸਾਹਿਬ ਸੈਕਟਰ ੧੯—ਡੀ ਵਿਖੇ ਅਰੰਭ ਹੋਵੇਗਾ।

੨. ਪਰੋਗ੍ਰਾਮ ਵਿਚ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।

---

## ਰਿਸ਼ਤੇ-ਨਾਤੇ

ਇਕ ਮੈਡੀਕਲ ਗਰੇਜੂਏਟ ਖ਼ੂਬਸੂਰਤ ਗੁਰਸਿਖ ਲੜਕੇ ਵਾਸਤੇ ਪੜ੍ਹੀ ਲਿਖੀ, ਸੁਸ਼ੀਲ ਤੇ ਕੀਰਤਨ ਕਰਨ ਵਾਲੀ ਲੜਕੀ ਦੀ ਲੋੜ ਹੈ। ਲੜਕੇ ਦੀ ਉਮਰ 30 ਸਾਲ ਹੈ ਉਹ ਆਪਣੀ ਪ੍ਰੈਕਟਿਸ ਕਰਦੇ ਹਨ, ਜਿਸ ਤੋਂ ਲਗ ਪਗ ਇਕ ਹਜ਼ਾਰ ਰੁਪੈ ਮਹੀਨਾ ਆਮਦਨ ਹੈ।

ਚਿਠੀ ਪੱਤਰ ਦਾ ਪਤਾ :—ਮਾਰਫ਼ਤ 'ਸੂਰਾ' ਰਾਘੋਮਾਜਰਾ, ਪਟਿਆਲਾ।


www.AKJ.org

# ਅੰਮ੍ਰਿਤ ਨਾਮ ਯਾ ਨਾਮ ਅੰਮ੍ਰਿਤ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਯਥਾ ਗੁਰਵਾਕ:—

'ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ। ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮੁ ਹਰਿ ਅੰਮ੍ਰਿਤੁ ਪੀਵਤੇ ਜੀਉ। ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ॥ ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧ ਸੰਗਤਿ ਨਿਧਿ ਮਾਨਿਆ॥ ਸਰਬ ਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ॥ ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ॥" ੩॥

ਐਸੇ ਅਮੋਲਕ ਨਾਮ ਰਤਨ ਨੂੰ ਕੇਵਲ ਉਹੀ ਜੀਵ ਤਿਆਗਦੇ ਹਨ, ਜਿਨ੍ਹਾਂ ਦੀ ਪਰਬਲ ਮਨੋ ਰੁਚੀ ਬਿਖੇ ਰਸੀ ਮਾਇਕ ਪਦਾਰਥਾਂ ਵਲ ਹੁੰਦੀ ਹੈ। ਜਿਨ੍ਹਾਂ ਬਿਖੇ ਪਦਾਰਥਾਂ ਦਾ ਇਸ ਨਾਮ ਰਤਨ ਦੇ ਮੁਕਾਬਲੇ ਇਕ ਕਉਡੀ ਜਿੰਨਾਂ ਮੁਲ ਭੀ ਨਹੀਂ ਹੁੰਦਾ। ਜਿਸ ਨਾਮ ਨੇ ਸਦਾ ਐਥ ਓਥੇ ਲੋਕ ਪ੍ਰਲੋਕ ਵਿਖੇ ਸਹਾਈ ਹੋਣਾ ਹੈ ਅਤੇ ਨਾਲਿ ਹੀ ਜਾਣਾ ਹੈ, ਉਸ ਰਤਨ ਵਥ ਨੂੰ ਤਾਂ ਉਹ ਬਪੁੜੇ ਜੰਤ ਵਿਹਾਜਦੇ ਨਹੀਂ। ਜਿਨ੍ਹਾਂ ਬਿਖ ਪਦਾਰਥਾਂ ਨੂੰ ਐਥੇ ਹੀ ਛਡ ਜਾਣਾ ਹੈ ਅਤੇ ਜਿਨ੍ਹਾਂ ਪਦਾਰਥਾਂ ਨੇ ਇਕ ਵਿਖ ਅਗੇ ਨਹੀਂ ਜਾਣਾ ਐਥੇ ਦਾ ਐਥੇ ਹੀ ਰਹਿ ਜਾਣਾ ਹੈ, ਤਿਨਾਂ ਹਿਤ ਦਿਨ ਪ੍ਰਤਿ ਹੀ ਤਿਨਾਂ ਦੀ ਲੋਭ ਲਾਲਸਾ ਲੱਗੀ ਰਹਿੰਦੀ ਹੈ। ਦਿਨ ਰਾਤ ਬਿਖੇ ਪਦਾਰਥਾਂ ਦੇ ਸੰਚਨ ਦਾ ਪ੍ਰੀਸ਼ਰਮ ਯਤਨ ਕਰਨ ਵਾਲਿਆਂ ਤੋਂ ਵਧ ਕੇ ਹੋਛੀ ਮਤ ਵਾਲੇ ਹੋਰ ਕਉਣ ਹੋ ਸਕਦੇ ਹਨ। ਹੋਛੀ ਮਤ ਵਾਲੇ ਸੋਈ ਸੰਚਦੇ ਸਹੇੜਦੇ ਹਨ ਜੋ ਹੋਛੀ ਗੱਲ ਹੁੰਦੀ ਹੈ, ਕਿਉਂਕਿ "ਨਾਮ ਬਿਨਾ ਸਭ ਕੂੜਿ ਗਾਲੀ ਹੋਛੀਆ" ਮਾਇਆ ਮੋਹੇ ਮੱਤੇ ਹੋਏ ਪੁਰਸ਼ ਕਦੇ ਭੀ ਗੁਰਮਤਿ ਨਾਮ ਸੁਮਾਰਗੀ ਸਿਧੇ ਰਸਤੇ ਨਹੀਂ ਪੈਂਦ, ਨਾਮ ਤੋਂ ਬੇਮੁਖ ਹੀ ਰਹਿੰਦੇ ਹਨ ਅਤੇ ਟੇਢੇ ਹੀ ਜਾਂਦੇ ਹਨ, ਉਹਨਾਂ ਅਭਾਗੇ ਜੰਤਾਂ ਨੂੰ ਜ਼ਰਾ ਭਰ ਭੀ ਆਪਣੀ ਏਂਜ ਟੇਢ ਮਤੀ ਦੀ ਲਾਜ ਹਿਆ ਨਹੀਂ ਆਉਂਦੀ ਤੇ ਸੁਖਾਂ ਦੇ ਸਾਗਰ ਪੂਰਨ ਪਰਮੇਸ਼ਰ ਪਰਮਾਤਮਾ ਦੇ ਅੰਮ੍ਰਿਤ ਨਾਮ ਨੂੰ ਕਉੜੇ ਮੁਲ ਵਾਲੀ ਬਿਖੇ ਬਾਸ਼ਨਾ ਦੀ ਖਾਤਰ ਵਿਸਾਰ ਦਿੰਦੇ ਹਨ, ਤਿਨਾਂ ਨੂੰ ਸਚ ਮੁਚ ਅੰਮ੍ਰਿਤ ਕਉੜਾ ਲਗਦਾ ਹੈ ਅਤੇ ਬਿਖਿਆ ਮੀਠੀ ਲਗਦੀ ਹੈ। ਇਹ ਦਸ਼ਾ ਕੋਰੇ ਸਾਕਤਾਂ ਵਾਲੀ ਹੈ। ਅਜਹ ਸਾਕਤਾਂ ਤੋਂ ਵਧ ਕੇ ਗਿਰੇ ਹੋਏ ਪਤਿਤ ਪੁਰਸ਼ ਹੋਰ ਕਉਣ ਹੋ ਸਕਦੇ ਹਨ। ਇਸ ਡਿਗਣ ਵਿਚ ਡਿਗਾ ਹੋਇਆ ਸਾਰਾ ਸੰਸਾਰ ਸਾਕਤਾਂ ਤੇ ਪਤਿਤਾਂ ਦਾ ਹੈ। ਜਦ ਇਸ ਦਸ਼ਾ ਵਿਚ ਗਰਤ ਹੋਏ ਸਿਖ ਭੀ ਪਤਿਤਾਂ ਦੀ ਸ਼ਰੇਣੀ ਵਿਚ ਮਿਲ ਜਾਂਦੇ ਹਨ ਫੇਰ ਉਹਨਾਂ ਵਿਚ ਆਮ ਸੰਸਾਰੀਆਂ ਨਾਲੋਂ ਵਾਧਾ ਕੀ? ਮਹਿਜ਼ ਅੰਮ੍ਰਿਤ ਛਕਣ ਦੀ ਡੀਂਗ ਮਾਰਨਾ



www.AKJ.Org

ਅਤੇ ਆਪਣਾ ਅੰਮ੍ਰਿਤ ਜੀਵਨ ਨਾ ਨਿਹਾਰਨਾ ਕੀ ਨਿਘਾਸ ਰਖ ਸਕਦਾ ਹੈ ? ਆਪਣੀ ਪਤਿਤ ਕਰਮੀ ਕਰਤੂਤ ਉਤੇ ਪੋਚਾ ਪਾਉਣ ਲਈ ਐਸੇ ਕਪਟ ਸਨੇਹੀ ਪੁਰਸ਼ ਅੰਮ੍ਰਿਤ ਦੀ ਮਹਿਜ਼ ਇਕ ਟਹੋਡਾ ਹੀ ਲੈਂਦੇ ਹਨ ਕਿ ਨਿਲੱਜ ਹੋ ਕੇ ਪਤਿਤ ਕਰਮ ਕਮਾਈ ਜਾਈਏ। ਐਵੇਂ ਕੂੜ ਕਪਟ ਭਰੀਆਂ ਮਨ ਮਸਤਰੀ ਗੱਲਾਂ ਕਰਿ ਕਰਿ ਉਹ ਆਪਣੇ ਆਪ ਨੂੰ ਪਰਚਾਉਂਦੇ ਅਤੇ ਹੋਰਨਾਂ ਨੂੰ ਰੀਝਾਉਂਦੇ ਹਨ। ਅੰਦਰੋਂ ਥੋਥੇ ਚਣੇ ਹੀ ਹੁੰਦੇ ਹਨ। ਨਾਮ ਜੋ ਅੰਮ੍ਰਿਤ ਰੂਪ ਹੈ,ਨਾਮ ਜੋ ਅੰਮ੍ਰਿਤ ਹੈ,ਇਸ ਨਾਮ ਦੀ ਗੱਲ ਦੇ ਨੇੜੇ ਹੀ ਨਹੀਂ ਜਾਂਦੇ ਨਾ ਹੀ ਉਹਨਾਂ ਦਾ ਨਾਮ ਉਤੇ ਏਤਕਾਦ ਹੈ, ਅੰਮ੍ਰਿਤ ਅੰਮ੍ਰਿਤ ਜੋ ਉਹ ਕੂਕਦੇ ਹਨ,ਐਵੇਂ ਏਹ ਉਹਨਾਂ ਦੀ ਕਥਨੀ ਬਦਨੀ ਹੀ ਹੁੰਦੀ ਹੈ। ਇਸ ਕਥਨੀ ਬਦਨੀ ਦੇ ਬਹਾਨੇ ਉਹ ਆਪਣੇ ਆਪ ਨੂੰ ਲੋਕਾਂ ਪ੍ਰਤੀ ਬ੍ਰਹਮ ਗਿਆਨੀ ਪਰਸਿੱਧ ਕਰਿਆ ਲੋੜਦੇ ਹਨ, ਅਤੇ ਪਰਚਾਰ ਕਰਦੇ ਹਨ ਕਿ ਅੰਮ੍ਰਿਤ ਛਕਿਆ ਇਕੋ ਵਾਰ ਹੀ ਪਰਵਾਨ ਹੈ। ਦੂਜੀ ਵਾਰੀ ਅੰਮ੍ਰਿਤ ਛਕਣ ਵਿਚ ਅੰਮ੍ਰਿਤ ਦੀ ਮਹੱਤਤਾ ਹੀ ਜਾਂਦੀ ਰਹਿੰਦੀ ਹੈ। ਚਾਹੇ ਕਿਤਨੇ ਹੀ ਪਤਿਤ ਕਰਮ ਕਰੀ ਜਾਓ, ਅੰਮ੍ਰਿਤੁ ਅੰਮ੍ਰਿਤ ਰਹਿੰਦਾ ਹੈ, ਕਦੇ ਅਨ-ਅੰਮ੍ਰਿਤ ਨਹੀਂ ਹੁੰਦਾ। ਇਸ ਬਿਧ ਉਹਨਾਂ ਦਾ ਪਰਚਾਰਨਾ ਮਹਿਜ਼ ਉਨ੍ਹਾਂ ਦਾ ਪਰਚ ਪ੍ਰਚਾਵਾ ਹੀ ਹੈ। ਗੁਰਮਤਿ ਬਿਬਰਜਤ ਪਤਿਤ ਕਰਮਾਂ ਦੀ ਉਹ ਇਸ ਪ੍ਰਕਾਰ ਪੁਸ਼ਟੀ ਕਰਦੇ ਹਨ। ਜੋ ਸ਼ਖਸ ਇਹ ਸਮਝਦੇ ਸਮਝਾਉਂਦੇ ਹਨ ਕਿ ਬਾਰ ਬਾਰ ਅੰਮ੍ਰਿਤ ਛਕਣ ਦੀ ਲੋੜ ਨਹੀਂ ਉਹ ਲੋਗ ਬਾਰ ਬਾਰ ਅੰਮ੍ਰਿਤ ਨੂੰ ਜਪਣਾ ਭੀ ਬੇਲੋੜਾ ਹੀ ਸਮਝਦੇ ਹਨ।

## ਅੰਮ੍ਰਿਤ ਦੀ ਸਾਰ ਕੌਣ ਜਾਣਦਾ ਹੈ?

ਸਚ ਮੁਚ ਅਜੇਹੇ ਪੁਰਸ਼ਾਂ ਨੂੰ ਨਾਮ ਦੀ ਗਲ ਸੁਣਦਿਆਂ ਹੀ ਕਉੜੀ ਲਗਦੀ ਹੈ ਉਹਨਾਂ ਪ੍ਰਥਾਇ ਏਹ ਗੁਰਵਾਕ ਪੂਰਾ ਪੂਰਾ ਫਬਦਾ ਹੈ ਯਥਾ:—

ਰਾਮਕਲੀ ਮਹਲਾ ੫ ॥
ਕਉਡੀ ਬਦਲੈ ਤਿਆਗੈ ਰਤਨੁ ।
ਛੋਡਿ ਜਾਇ ਤਾਹੂ ਕਾ ਜਤਨੁ ।
ਸੋ ਸੰਚੈ ਜੋ ਹੋਛੀ ਬਾਤ ॥
ਮਾਇਆ ਮੋਹਿਆ ਟੇਢਉ ਜਾਤ ॥ ੧ ॥
ਅਭਾਗੇ ਤੈ ਲਾਜ ਨਾਹੀ ॥
ਸੁਖ ਸਾਗਰ ਪੂਰਨ ਪਰਮੇਸਰੁ
ਹਰਿ ਨਾ ਚੇਤਿਓ ਮਨ ਮਾਹੀ ॥੧॥ ਰਹਾਉ ॥
ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥
ਮਾਇਆ ਕਾਰਣਿ ਸਦ ਹੀ ਝੂਰੈ ॥
ਮਨਿਮੁਖਿ ਕਬਹਿ ਨ ਉਸਤਤਿ ਕਰੈ
ਨਿਰਭਉ ਨਿਰੰਕਾਰੁ ਦਾਤਾਰੁ
ਤਿਸੁ ਸਿਉ ਪ੍ਰੀਤਿ ਨ ਕਰੈ ਗਾਵਾਰੁ ॥੩॥
ਸਭ ਸਾਹਾ ਸਿਰਿ ਸਾਚਾ ਸਾਹੁ ॥
ਵੇਮੁਹਤਾਜੁ ਪੂਰਾ ਪਾਤਿਸਾਹੁ ॥
ਮੋਹ ਮਗਨ ਲਪਟਿਓ ਭ੍ਰਮ ਗਿਰਹ
ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨

ਅੰਮ੍ਰਿਤ ਦੀ ਸਾਰ ਅੰਮ੍ਰਿਤ ਦੇ ਸਚੇ ਵਪਾਰੀ ਯਾ ਸਚੇ ਅੰਮ੍ਰਿਤਧਾਰੀ ਸਿੰਘ ਸੁਜਾਨ ਹੀ ਜਾਣਦੇ ਹਨ ਅੰਮ੍ਰਿਤ ਨਾਮ ਦੇ ਸਚੇ ਵਣਜਾਰੇ ਅੰਮ੍ਰਿਤ ਛਕ ਕੇ ਭੀ ਅੰਮ੍ਰਿਤ ਨਾਮ ਦੀਆਂ ਅਟੁਟ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ।ਸੱਚੜੀ ਵੇਦਨ ਵਾਲੇ ਗੁਰ ਸਿਖ ਦੀ ਸੱਚ ਮੁਚ ਇਹ ਦਸ਼ਾ ਹੋ ਜਾਂਦੀ ਹੈ ਕਿ ਓਹ ਅੰਮ੍ਰਿਤ ਨਾਮ ਦੀਆਂ


www.AKJ.Org

ਕਮਾਈਆਂ ਕਰਨ ਖਾਤਰ ਤਕੜਾ ਹੋਕੇ ਕਮਰ ਕਸੇ ਕਰਦਾ ਹੈ ਕਿ ਦਿਨ ਰਾਤ ਜਾਗਦਾ ਹੀ ਰਹਿੰਦਾ ਹੈ ਅਤੇ ਨਿਮਖ ਮਾਤਰ ਭੀ ਨਹੀਂ ਸਉਂਦਾ, ਸਾਵਧਾਨ ਹੋ ਕੇ ਨਾਮ ਜਪਣ ਵਿਚ ਹੀ ਨਿਸਬਾਸਰ ਜੁਟਿਆ ਰਹਿੰਦਾ ਹੈ। ਇਸ ਦਿਨ ਰਾਤ ਜਾਗਣ ਵਾਲੀ ਅਤੇ ਜਾਗ ਕੇ ਨਾਮ ਜਪਣ ਵਾਲੀ ਤਤ ਸਾਰ ਕਠਨ ਕਮਾਈ ਵਾਲੀ ਹੁਕਮ ਰਜ਼ਾਈ ਵਾਲੀ ਰਮਜ਼ ਨੂੰ ਸੋਈ ਸਮਝਦਾ ਹੈ, ਜਿਸ ਦੇ ਅੰਦਰ ਨਾਮ ਅਭਿਆਸ ਕਮਾਈ ਕਰਨ ਵਾਲੀ ਸਚੜੀ ਵੇਦਨ (ਲਿੱਲ) ਲਗੀ ਹੋਈ ਹੋਵੇ। ਉਸਦੇ ਰਿਦੇ ਭੀਤਰ ਪ੍ਰੇਮ ਦੇ ਬਾਣ ਅਜੇਹੇ ਗਹਿ ਕਰਿ ਗਡ ਕੇ ਲਗੇ ਹੋਏ ਹੁੰਦੇ ਹਨ ਕਿ ਉਹ ਅਹਿਨਿਸ ਨਾਮ ਅਭਿਆਸ ਕਮਾਈਆਂ ਦਾ ਬਾਵਰਾ ਹੀ ਬਣਿਆਂ ਰਹਿੰਦਾ ਹੈ। ਸੰਸਾਰੀ ਸਿਆਣੇ ਵੈਦ ਉਸ ਦਾ ਮਰਮ ਕੀ ਜਾਣ ਸਕਦੇ ਹਨ। ਸੱਚੀ ਦਰਗਾਹ ਦੀ ਇਹ ਸੱਚੀ ਖੇਡ ਨਦਰੀ ਨਦਰ ਨਿਹਾਲ ਵਾਹਿਗੁਰੂ ਦੀ ਅਪਾਰ ਨਦਰ ਮੇਹਰ ਕਰਿ ਹੀ ਬਣਿ ਆਉਂਦੀ ਹੈ। ਜਿਸ ਨਦਰ ਪਾਰਤੂ ਗੁਰਸਿਖ ਜਨ ਨੂੰ ਸੱਚਾ ਨਦਰਾਲੂ ਪੁਰਖ ਗੁਰੂ ਕਰਤਾਰ ਆਪਣੀ ਅਪਾਰ ਕਿਰਪਾ ਕਰਿ ਨਾਮ ਅਭਿਆਸ ਕਮਾਈ ਰੂਪੀ ਸੱਚੀ ਸਿਫਤ ਸਾਲਾਹ ਵਿਖੇ ਆਪਿ ਲਾਇ ਲੈਂਦਾ ਹੈ, ਸੋਈ ਗੁਰਮੁਖ ਕੋਈ ਵਿਰਲਾ ਜਨ ਹੀ ਇਸ ਪਾਸੇ ਲਗਦਾ ਹੈ ਅਤੇ ਸੋਈ ਇਸ ਸਚੜੀ ਰਮਜ਼ ਇਲਾਹੀ ਨੂੰ ਬੁਝਦਾ ਲਖਦਾ ਹੈ। ਉਸੇ ਨੂੰ ਇਸ ਸਿਫਤ ਸਾਲਾਹ ਦੁਆਰਾ ਅੰਮ੍ਰਿਤ ਦਾ ਸੱਚਾ ਗਟਾਕ ਰਸੁ ਆਉਂਦਾ ਹੈ ਹਾਂ ਠੀਕ ! ਅੰਮ੍ਰਿਤ ਦੀ ਸਾਰ ਸੋਈ ਜਾਣਦਾ ਹੈ ਜੋ ਅੰਮ੍ਰਿਤ ਵਥ ਦਾ ਤਤ ਵਾਪਾਰੀ ਹੋਵੇ। ਏਹ ਸਭ ਪ੍ਰੇਮ ਦੀ ਸਚੜੇ ਪ੍ਰੇਮ ਦੀ ਖੇਡ ਹੈ। ਪ੍ਰੇਮ ਪਿੜ ਦੀ ਸੱਚੀ ਪ੍ਰੇਮ ਖਿਡਾਰਨ ਪ੍ਰੀਤਿ ਸੁਹਾਗਨ ਜਗਿਆਸੂ ਇਸਤ੍ਰੀ ਪਿਰੀ ਪ੍ਰਮਾਤਮਾ ਸੇਤੀ ਪ੍ਰੇਮ ਲਾਉਣ ਪ੍ਰੇਮ ਰਚਾਉਣ ਲਈ ਗੁਰ ਸ਼ਬਦ ਅਭਿਆਸ ਕਮਾਈ ਦਾ ਉਪਰ ਦਰਸਾਇਆ ਸਚੜਾ ਸ਼ਬਦ ਸੀਗਾਰ ਬਣਾਉਂਦੀ ਹੈ। ਇਸ ਸਚੜੇ ਪਿਆਰ ਪਰਚਾਉ ਦੇ ਪ੍ਰਤਾਪ ਕਰ ਪ੍ਰਿਆ ਸੋਹਾਗ ਜਗਿਆਸਨ ਸਹਜ ਬਵਸਥਾ ਨੂੰ ਪ੍ਰਾਪਤ ਹੋ ਕੇ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੀਆਂ ਬਿਖੇ ਰਸ ਵਾਲੀਆਂ ਸਾਰੀਆਂ ਤ੍ਰਿਖਾ ਤ੍ਰਿਸ਼ਨਾਵਾਂ ਸੁਤੇ ਹੀ ਨਿਵਾਰਨ ਹੋ ਜਾਂਦੀਆਂ ਹਨ, ਜੀਉ ਮਲੀਨ ਕਰਨ ਹਾਰੇ ਉਸ ਦੇ ਸਾਰੇ ਸਹਿਸੇ (ਸੰਸੇ) ਦੂਰ ਹੋ ਜਾਂਦੇ ਹਨ ਅਤੇ ਭਰਮ ਸਭ ਚਕਨਾ ਚੂਰ ਹੋ ਜਾਂਦੇ ਹਨ। ਸਿਫਤਿ ਸਾਲਾਹ ਰੂਪੀ ਲਿਵ ਡੋਰੀ ਦੀਆਂ ਪਰੇਮ ਤਣਾਵਾਂ ਕਸਿ ਕਸਿ ਓਹ ਸਹਿਜੇ ਸੁਆਸ ਅਭਿਆਸੀ ਧਨਖ ਨੂੰ ਦਸਮ ਦੁਆਰ ਵਿਖੇ ਲਿਜਾਇ ਚੜ੍ਹਾਉਂਦੀ ਹੈ, ਇਸ ਬਿਧਿ ਗੁਰ ਸ਼ਬਦ (ਗੁਰਮੰਤ੍ਰ) ਦੀ ਕੀਤੀ ਕਮਾਈ ਦੁਆਰਾ ਮਨ ਮਾਰਕੇ ਉਹ ਅਫੁਰ ਮਰਜੀਵੜੀ ਸੁੰਦਰ ਜੋਗਾਧਾਰਨ ਬਣਿ ਜਾਂਦੀ ਹੈ ਤੇ ਅਸਲ ਗੁਰਮਤਿ ਗ੍ਰਿਸਤ ਉਦਾਸ ਸੰਨਿਆਸ ਪਦ ਨੂੰ ਪ੍ਰਾਪਤ ਹੋ ਜਾਂਦੀ ਹੈ।ਇਸ ਪਦ ਨੂੰ ਪ੍ਰਾਪਤ ਭੀ ਹੋਕੇ ਸਤਿ ਜੋਤਿ ਅਕਰਖਣੀ ਸਿਫਤਿ ਸਾਲਾਹ ਰੂਪੀ ਨਾਮ ਅਭਿਆਸ ਉਸਦਾ ਬਣਿਆ ਰਹਿੰਦਾ ਹੈ। ਅਖੰਡਾ ਕਾਰ ਟਿਕ ਰਸ ਟਿਕੀ ਹੋਈ ਸੁਰਤ ਵਿਖੇ ਆਨ ਸੰਕਲਪ ਫੁਰਨਾ ਬਿਨਾਂ ਨਾਮ ਤੇ ਉੱਕਾ ਰਹਿੰਦਾ ਹੀ ਨਹੀਂ, ਉਥੇ ਡਿਗਣਾ ਡੋਲਣਾ ਹੀ ਅਸੰਭਵ ਹੋ ਜਾਂਦਾ ਹੈ।



www.AKJ.Org

## ਨਾਮ ਤੋਂ ਬੇ-ਮੁਖ ਹੋਣ ਦਾ ਨਤੀਜਾ

"ਅਹਿਨਿਸਿ ਜਾਗੈ ਨੀਦ ਨ ਸੋਵੈ ॥
ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥
ਜਿਸਨੋ ਸਾਚਾ ਸਿਫਤੀ ਲਾਏ ॥
ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥ ਪਿਰ ਸੇਤੀ ਧਨੁ ਪ੍ਰੇਮ ਰਚਾਏ ॥
ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤ੍ਰਿਖਾ ਨਿਵਾਰੀ ਜੀਉ ॥੨॥ ਸਹਸਾ ਤੋੜੇ ਭਰਮੁ ਚੁਕਾਏ ॥
ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੈ ਸੁੰਦਰਿ ਜੋਗਾਧਾਰੀ ਜੀਉ ॥੩॥

ਇਸ ਤੋਂ ਉਲਟ ਹਉਮੈ ਜਲਿਆਂ ਨਾਮ ਤੋਂ ਬੇਮੁਖਾਂ ਦੀ ਅਧੋਗਤੀ ਵਾਲੀ ਦਸ਼ਾ ਦਾ ਵਰਣਨ ਇਸੇ ਗੁਰਵਾਕੁ ਦੀਆਂ ਪਿਛਲੀਆਂ ਏਹਨਾਂ ਤਿੰਨਾਂ ਪੰਗਤੀਆਂ ਵਿਚ ਕੀਤਾ ਹੋਇਆ ਹੈ। ਯਥਾ:—

ਹਉਮੈ ਜਲਿਆ ਮਨਹੁ ਵਿਸਾਰੇ ॥
ਜਮਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥ ਮਾਇਆ ਮਮਤਾ ਪਵਹਿ ਖਿਆਲੀ ॥
ਜਮਪੁਰਿ ਫਾਸਹਿਗਾ ਜਮ ਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥ ੫ ॥ ਨਾ ਹਉ ਕਰਤਾ ਨਾ ਮੈ ਕੀਆ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥

ਏਹਨਾਂ ਪੰਗਤੀਆਂ ਅੰਦਰ ਗੁਰੂ ਸਾਹਿਬ ਦਾ ਦਰਸਾਇਆ ਅਭਿਪਰਾ ਏਹ ਹੈ ਕਿ ਜੋ ਪ੍ਰਾਨੀ ਤ੍ਰਿਸ਼ਨਾ ਮਾਇਆ ਬਿਖੇ-ਰਸਾਂ ਦੀ ਦਲਣ ਵਿਚ ਗਡੇ ਪਏ ਹਨ ਅਤੇ ਹਉਮੈ ਦੀ ਬੜਵਾਨਲ ਅਗਨੀ ਨਾਲ ਜਲੇ ਝੁਲਸੇ ਹੋਏ ਹਨ, ਉਹਨਾਂ ਨੇ ਉਕਾ ਹੀ ਨਾਮ ਨੂੰ ਮਨਹੁ ਵਿਸਾਰ ਦਿਤਾ ਹੈ। ਓਹਨਾਂ ਦੇ ਸਿਰ ਵਿਚ ਜਮ ਪੁਰਿ ਗਇਆਂ ਜਮ-ਗਣਾਂ ਦੇ ਖੜਗ ਕਰਾਰੇ ਕਰਾਰੇ ਵਜਣਗੇ। ਫੇਰ ਓਥੇ ਇਸ ਵੇਰੀ ਆਣ ਫਾਥੇ ਜੀਉ ਦੇ ਬਿਲਲਾਉਣ ਤੇ ਭੀ ਨਾਮੁ ਨਹੀਂ ਮਿਲਦਾ। ਫਰ ਤਾਂ ਸਿਰ ਤੇ ਬਣੀ ਭਾਰੀ ਮੁਸੀਬਤ ਸਹਿਣੀ ਹੀ ਪਵੇਗੀ। ਹੇ! ਮਾਇਆ ਮਮਤਾ ਦੀਆਂ ਆਲੂਦਾ ਖਿਆਲੀਆਂ ਵਿਚ ਗ੍ਰਸੇ ਹੋਇ ਜੀਵ! ਤੂੰ ਜਮ ਪੁਰੀ ਵਿਚ ਜਾ ਕੇ ਜਮਾਂ ਵਾਲੀ ਔਖੀ ਥਾਂ ਜ਼ਰੂਰ ਫਸੇਂਗਾ। ਹੁਣ ਤੂੰ ਇਸ ਮਨੁੱਖਾ ਜਨਮ ਵਿਚ ਕੂੜਾਵੇ ਹਿਤ ਮਮਤਾ ਜਾਲ ਦੇ ਬੰਧਨ ਤੋੜ ਨਹੀਂ ਸਕਦਾ ਅਤੇ ਨਾਮ ਨਹੀਂ ਜਪਦਾ, ਇਸ ਦਾ ਅਵੱਸ਼ ਇਹੋ ਨਤੀਜਾ ਨਿਕਲਣਾ ਹੈ ਕਿ ਅਗੇ ਨੂੰ ਜਮੁ ਜ਼ਰੂਰ ਖੁਆਰ ਕਰੇਗਾ। ਆਪੇ ਨਾਮ ਨਾ ਕਿਸੇ ਨੂੰ ਮਿਲਿਆ ਹੈ ਤੇ ਨਾ ਮਿਲੇਗਾ। ਏਹ ਅੰਮ੍ਰਿਤ ਨਾਮ ਤਾਂ ਸਤਿਗੁਰੂ ਦੇ ਦੁਆਰਿਓਂ ਹੀ ਮਰਯਾਦਾ ਸਹਿਤ ਮਿਲਦਾ ਹੈ। ਜਿਸ ਨੂੰ ਅਵੱਸ਼ ਇਹ ਨਾਮ ਮਿਲਣਾ ਹੈ ਉਸਨੂੰ ਮਿਲਕੇ ਹੀ ਰਹਿਣਾ ਹੈ ਤਾਂਤੇ ਜਗਿਆਸੂ ਜਨ ਨੂੰ ਏਹੋ ਹੀ ਯੋਗ ਹੈ ਕਿ ਗੁਰੂ ਕਰਤਾਰ ਪ੍ਰਾਇਣ ਹੋਵੇ, ਉਸ ਦੀ ਸਰਣ ਪੈ ਰਹੇ ਤੇ ਉਸ ਦੇ ਦੁਆਰੇ ਤੇ ਢਹਿ ਰਹੇ।

## ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ?

ਇਹ ਅੰਮ੍ਰਿਤ ਨਾਮ ਜਿਸ ਨੂੰ ਮਿਲਿਆ ਹੈ ਅਤੇ ਜਿਸ ਨੇ ਇਸ ਦੀ ਅਭਿਆਸ ਕਮਾਈ ਕੀਤੀ ਹੈ, ਉਸੇ ਵਡਭਾਗੀ ਗੁਰਮੁਖ ਜਨ ਨੂੰ ਇਸ ਦਾ ਅਗਾਧ ਸੁਆਦ ਆਇਆ ਹੈ, ਇਸ ਸੁਆਦ ਦੇ ਮੁਕਾਬਲੇ ਵਿਚ ਉਸ ਨੂੰ ਹੋਰਸ ਰਸਾਂ ਕਸਾਂ ਦੇ


www.AKJ.Org

ਸੁਆਦ ਸਭ ਫਿਕੇ ਪਤੀਤ ਹੋਏ ਹਨ। ਉਹ ਉਹਨਾਂ ਬਿਖੇ-ਰਸ ਸੁਆਦਾਂ ਵਿਚ ਲਗਦੇ ਹੀ ਨਹੀਂ, ਜਿਸ ਜਿਸ ਜਨ ਨੇ ਇਸ ਅੰਮ੍ਰਿਤ ਨਾਮ ਮਹਾਂ ਰਸ ਨੂੰ ਪੀਤਾ ਹੈ, ਸੋ ਅਮਰ ਹੋ ਗਿਆ ਹੈ। ਅਤੇ ਪੀ ਪੀ ਕੇ ਤ੍ਰਿਪਤ ਹੋ ਗਿਆ ਹੈ। ਪ੍ਰੰਤੂ ਇਹ ਅੰਮ੍ਰਿਤ ਨਾਮ ਨਿਧਾਨ ਗੁਰੂ ਘਰ ਵਿਖੇ ਗੁਰਮੰਤ੍ਰ ਮਿਲਣ ਕਰਿ ਅਤੇ ਇਸ ਗੁਰਮੰਤ੍ਰ ਦੇ ਸਦਾ ਮਨ ਵੁਠੇ ਰਹਿਣ ਕਰਿ ਪ੍ਰਾਪਤ ਹੁੰਦਾ ਹੈ।

ਯਥਾ:—

ਅੰਮ੍ਰਿਤ ਨਾਮ ਸਦਾ ਨਿਰਮਲੀਆ॥
ਸੁਖਦਾਈ ਦੂਖ ਬਿਡਾਰਨ ਹਰੀਆ॥
ਅਵਰ ਸਾਦ ਚਖ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥
ਜੋ ਜੋ ਪੀਵੈ ਸੋ ਤ੍ਰਿਪਤਾਵੈ॥ ਅਮਰ ਹੋਵੈ ਜੋ ਨਾਮ ਰਸੁ ਪਾਵੈ॥
ਨਾਮੁ ਨਿਧਾਨ ਤਿਸਹਿ ਪ੍ਰਾਪਤ ਜਿਸੁ ਸਬਦੁ ਗੁਰੂ ਮਨਿ ਵੁਠਾ ਜੀਉ॥

ਬੜੇ ਸ਼ੋਕ ਵਾਲੀ ਗੱਲ ਹੈ ਕਿ ਗੁਰੂ ਘਰ ਵਿਖੇ ਆ ਕੇ ਅਤੇ ਗੁਰੂ ਦੇ ਸਿਖ ਸਦਾ ਕੇ ਭੀ ਬਹੁਤਿਆਂ ਨੂੰ ਇਹ ਅੰਮ੍ਰਿਤ ਨਾਮ ਨਿਧਾਨ ਪ੍ਰਾਪਤ ਨਹੀਂ ਹੁੰਦਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਓਹਨਾਂ ਨੂੰ ਪਹਿਲਾਂ ਤਾਂ ਅੰਮ੍ਰਿਤ ਨਾਮ ਨਿਧਾਨੀ ਗੁਰਮੁਖ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਹੀ ਨਹੀਂ ਜੁੜਦਾ ਜਿਸ ਦੇ ਨਾ ਜੁੜਨ ਕਰ ਕੇ ਓਹਨਾਂ ਨੂੰ ਗੁਰਮਤ ਨਾਮੁ ਗੁਰਮੰਤ੍ਰ ਹੀ ਨਹੀਂ ਮਿਲਦਾ, ਨਾ ਹੀ ਹੋਰ ਕਿਸੇ ਬਿਧਿ ਮਿਲ ਸਕਦਾ ਹੈ। ਗੁਰਮੰਤ੍ਰ ਨਾਮ ਦੇ ਪੂਰਨ ਗੁਰਮਤਿ ਬਿਧੀ ਅਨੁਸਾਰ ਨਾ ਮਿਲਨ ਕਰਕੇ ਨਾਮ ਦ੍ਰਿੜ ਨਹੀਂ ਹੁੰਦਾ। ਦ੍ਰਿੜ੍ਹ ਹੋਏ ਬਾਝੋਂ ਨਾਮ ਅਭਿਆਸ ਦੀ ਕਮਾਈ ਨਹੀਂ ਹੋ ਸਕਦੀ। ਕਮਾਈ ਕੀਤੇ ਬਿਨਾਂ ਬੀਜ ਮਾਤਰ ਨਾਮ ਗੁਰਮੰਤ੍ਰ ਅੰਮ੍ਰਿਤ ਰਸ ਕਲਾ ਵਿਚ ਫੁਲਦਾ ਫਲਦਾ ਨਹੀਂ। ਅੰਮ੍ਰਿਤ ਰਸ ਕਲਾ ਅਤੇ ਸਫਲ ਫਲਾ ਸੰਪੂਰਨੀ ਗਤਿ ਪ੍ਰਾਪਤ ਹੋਏ ਬਿਨਾਂ ਗੁਰਸਿਖ ਜਗਿਆਸੂ ਡਿਗਣ ਡੋਲਣ ਦੇ ਖਤਰੇ ਤੋਂ ਰਹਿਤ ਨਹੀਂ ਹੋ ਸਕਦਾ। ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਮੰਤ੍ਰਾਇਆ ਦ੍ਰਿੜਾਇਆ ਅਤੇ ਕਮਾਇਆ ਨਾਮ ਹੀ ਨਾਮ ਅਭਿਆਸ ਕਮਾਈ ਕਰਨਹਾਰੇ ਗੁਰਸਿਖ ਨੂੰ ਡਿਗਣ ਡੋਲਣ ਦੇ ਖ਼ਤਰੇ ਤੋਂ ਰਹਿਤ ਕਰ ਸਕਦਾ ਹੈ। ਯਥਾ ਗੁਰਵਾਕ:—

"ਅੰਮ੍ਰਿਤ ਨਾਮ ਨਿਰਮੋਲਕ ਹੀਰਾ ਗੁਰਿ ਦੀਨੋ ਮੰਤਾਨੀ
ਡਿਗੈ ਨ ਡੋਲੈ ਦ੍ਰਿੜ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥

ਜਿਹਨਾਂ ਨੇ ਰਸਮ ਪੂਰਬਕ ਹੀ ਅੰਮ੍ਰਿਤ ਛਕਿਆ ਹੈ। ਜਿਹਨਾਂ ਨੂੰ ਨਾਮ ਕਮਾਈ ਵਾਲੇ ਗੁਰਮੁਖ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਨਹੀਂ ਜੁੜਿਆ, ਉਹਨਾਂ ਉਤੇ ਨਾ ਹੀ ਅੰਮ੍ਰਿਤ ਕਲਾ ਵਰਤਦੀ ਹੈ, ਨਾ ਹੀ ਉਨ੍ਹਾਂ ਦਾ ਜੀਵਨ ਹੀ ਤਤਕਾਲ ਨਵਜਨਮਾ, ਗਵਨ ਮਿਟਨਵਾ ਜੀਵਨ ਹੋ ਸਕਦਾ ਹੈ। ਨਾ ਹੀ ਉਹਨਾਂ ਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਗੁਰਮੰਤ੍ਰ ਉਹਨਾਂ ਨੂੰ ਮਿਲਦਾ ਹੀ ਨਹੀਂ, ਮਿਲੇ ਤਾਂ ਜੇ ਪੰਜੇ ਪਿਆਰੇ ਖੁਦ ਨਾਮ ਦੇ ਅਭਿਆਸੀ ਅਤੇ ਨਾਮ, ਅਭਿਆਸ ਕਮਾਈਆਂ ਵਾਲੇ ਕਮਲ ਵਿਗਾਸੀ ਹੌਸਲੇ ਹੋਣ। ਜਦ ਅੰਮ੍ਰਿਤ ਨਾਮ ਓਹਨਾਂ ਅੰਮ੍ਰਿਤ ਛਕਣ ਹਾਰਿਆਂ ਦੇ ਅੰਦਰ ਬੀਜ ਮਾਤਰ ਭੀ ਅੰਮ੍ਰਿਤ ਨਹੀਂ ਹੁੰਦਾ ਤਦ ਓਹਨਾਂ ਨੇ ਕੀ ਨਾਮ ਅਭਿਆਸ ਕਮਾਈਆਂ ਕਰਨੀਆਂ ਹਨ ਅਤੇ ਕੀ ਉਸ ਅੰਕ੍ਰਿਤ ਨੇ ਫਲੀ ਭੂਤ ਹੋਣਾ ਹੈ, ਅਤੇ ਕੀ ਅਮਰ ਕਲਾ ਵਰਤਣੀ ਹੈ। ਅਤੇ ਕੀ ਉਹਨਾਂ ਨੂੰ ਅੰਮ੍ਰਿਤ ਦੀ ਮਹਤਤਾ ਦਾ ਸ਼ਊਰ ਹੋਣਾ ਹੈ। ਉਹਨਾਂ ਦਾ ਇਹ ਕਹਿਣਾ ਕਿਸੇ ਅਰਥ ਨਹੀਂ ਕਿ ਕਿਸੇ ਹਾਲਤ ਵਿਚ ਭੀ ਦੂਜੀ


www.AKJ.Org

ਵਾਰ ਅੰਮ੍ਰਿਤ ਨਹੀਂ ਛਕਿਆ ਜਾਣਾ ਚਾਹੀਦਾ। ਜੇ ਸਚ ਮੁਚ ਅੰਮ੍ਰਿਤ ਦੀ ਕਦਰ ਕੀਮਤ ਹੈ ਤਾਂ ਅੰਮ੍ਰਿਤ ਛਕ ਕੇ ਅੰਮ੍ਰਿਤ ਸਮੇਂ ਦਰਸਾਈਆਂ ਦ੍ਰਿੜਾਈਆਂ ਰਹਿਤ ਰਹਿਣੀਆਂ ਦੇ ਰੱਖਣ ਕਮਾਉਣ ਉਤੇ ਤੱਤ ਪਰ ਅਤੇ ਕਾਇਮ ਰਹਿਣਾ ਚਾਹੀਏ ਨਾ ਕਿ ਪਤਿਤ ਕਰਮਾਂ ਵਿਚ ਪਰਵਿਰਤ ਹੋਣੋਂ ਭੀ ਸੰਕੋਚ ਨਾ ਕੀਤਾ ਜਾਏ। ਅੰਮ੍ਰਿਤਧਾਰੀ ਹੋ ਕੇ ਅੰਮ੍ਰਿਤ ਰਸੀਆ ਹੋਕੇ ਜੇ ਫੇਰ ਜ਼ਹਿਰ ਪੀਂਦਾ ਫਿਰੇ ਤਾਂ ਉਸ ਦੇ ਮਹਾਂ ਅਭਾਗ ਹਨ।

"ਜੋ ਹਲਾਹਲ ਸੋ ਪੀਵੈ ਬਉਰਾ॥
ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥"

ਵਾਲਾ ਗੁਰਵਾਕ ਐਨ ਉਹਨਾਂ ਉਪਰ ਹੀ ਘਟਦਾ ਹੈ, ਜਿਨ੍ਹਾਂ ਨੂੰ ਅੰਮ੍ਰਿਤ ਦੀ ਪਵਿੱਤ੍ਰਤਾ ਦਾ ਸੱਚਾ ਸ਼ਊਰ ਹੈ, ਉਹ ਅੰਮ੍ਰਿਤ ਹੈ ਸਚ ਮੁਚ ਅੰਮ੍ਰਿਤ ਕਰਕੇ ਛਕਣ। ਜਿਨ੍ਹਾਂ ਨੂੰ ਅੰਮ੍ਰਿਤ ਦੀ ਮਹੱਤਤਾ ਮਨਜ਼ੂਰ ਹੈ ਓਹ ਅੰਮ੍ਰਿਤ ਧਾਰੀ ਹੋ ਕੇ ਅੰਮ੍ਰਿਤ ਛਕਣ ਸਮੇਂ ਦਸੇ ਦ੍ਰਿੜਾਏ ਬਿਵਰਜਤ ਕੁਕਰਮਾਂ ਤੋਂ ਪਾਕ ਰਹਿਣ। ਖੁਦ ਪਾਕ ਰਹਿਕੇ ਅੰਮ੍ਰਿਤ ਦੀ ਪਾਕੀਜ਼ਗੀ ਦੀ ਦਾਦ ਦੇਣ। ਅੰਮ੍ਰਿਤ ਛਕਿਆ ਪਰ ਸਾਂਭ ਕੇ ਰਖਿਆ ਨਹੀਂ ਤੇ ਅੰਮ੍ਰਿਤ ਛਕਣ ਸਮੇਂ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦਿਤੀ ਦ੍ਰਿੜਾਈ ਸਿਖਿਆ ਉਤੇ ਜੋ ਸਿੱਖ ਅਮਲ ਨਹੀਂ ਕਰਦੇ ਤਾਂ ਇਸ ਵਿਚ ਗੁਰ ਸਿਖਿਆ ਯਾ ਗੁਰੂ ਸਰੂਪ ਪੰਜਾਂ ਪਿਆਰਿਆਂ ਦਾ ਕੋਈ ਕਸੂਰ ਨਹੀਂ। ਗੁਰ ਸਿਖਿਆ ਉਪਰ ਨਾ ਚਲਣ ਹਾਰਿਆਂ ਦਾ ਆਪਣਾ ਕਸੂਰ ਹੈ।

"ਕਬੀਰ ਸਤਿਗੁਰੂ ਪੂਰਾ ਕਿਆ ਕਰੇ ਜਉ ਸਿਖਨਿ ਮਹਿ ਚੂਕ॥
ਅੰਧਲਾ ਏਕ ਨਾ ਲਾਗਈ ਜਿਉ ਬਾਂਸ ਬਜਾਈ ਫੂਕ॥"

ਜਿਨ੍ਹਾਂ ਕੁਕਰਮਾਂ ਤੋਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਦ ਸਰੂਪ ਵਿਚ ਹੋਕੇ ਹੋੜਦੇ ਹਨ, ਓਹਨਾਂ ਹੀ ਕੁਕਰਮਾਂ ਨੂੰ ਕਰੀ ਜਾਣਾ ਅਤੇ ਫੇਰ ਆਸ ਰਖਣੀ ਕਿ ਇਕ ਵਾਰ ਅੰਮ੍ਰਿਤ ਛਕਿਆ ਅਸਾਡਾ ਪਾਰ ਉਤਾਰਾ ਕਰ ਦੇਵੇਗਾ, ਸਖਤ ਗਲਤ ਫਹਿਮੀ ਹੈ। ਅੰਮ੍ਰਿਤ ਛਕਣ ਪਸਚਾਤ ਗੁਰਬਾਣੀ ਅੰਦਰ ਦ੍ਰਿੜਾਈ ਗੁਰ ਸਿਖਿਆ ਨੂੰ ਜੋ ਸਿਖ ਨਹੀਂ ਕਮਾਉਂਦੇ ਉਹਨਾਂ ਉਤੇ ਕਿਵੇਂ ਅਮਰ ਕਲਾ ਵਰਤ ਸਕਦੀ ਹੈ ਅਤੇ ਅਮਰ ਕਲਾ ਕਿਵੇਂ ਕਾਇਮ ਰਹਿ ਸਕਦੀ ਹੈ।

(ਚਲਦਾ)


## ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਹਿਤ

# ਅਨਮੋਲ ਸੁਗਾਤ—"'ਸੂਰਾ ਅੰਕ'"

'ਸੂਰਾ' ਪਟਿਆਲਾ ਦੇ ਪਾਠਕਾਂ ਨੂੰ ਇਹ ਜਾਣਕੇ ਅਤੀ ਪ੍ਰਸੰਨਤਾ ਹੋਵੇਗੀ ਕਿ 'ਸੂਰਾ' ਦਾ ਅਗਲਾ ਪ੍ਰਚਾ **ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦਗਾਰ ਅਤੇ ਖਾਲਸਾ ਪੰਥ ਦੇ ਜਨਮ ਉਤਸ਼ਵ ਸਬੰਧੀ** ਛਪ ਰਿਹਾ ਹੈ, ਜਿਸ ਵਿਚ ਉਚ-ਕੋਟੀ ਦੇ ਵਿਦਵਾਨਾਂ ਦ ਲੇਖ ਅਤੇ ਕਵੀ ਸਜਣਾਂ ਦੀਆਂ ਕਵਿਤਾਵਾਂ ਹੋਣਗੀਆਂ। ਇਸ ਅੰਕ ਦੇ ਟਾਈਟਲ ਤੇ ਭਾਈ ਸਾਹਿਬ ਜੀ ਦੀ ਦੋਰੰਗੀ ਫ਼ੋਟੋ ਹੋਵੇਗੀ। ਇਸ ਲਈ ਪਾਠਕਾਂ ਨੂੰ ਇਹ ਅਨਮੋਲ ਸੁਗਾਤ 'ਸੂਰਾ ਅੰਕ' ਪੜ੍ਹਣ ਲਈ ਹੁਣ ਤੋਂ ਹੀ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਦਾਸ—ਮੈਨੇਜਰ, 'ਸੂਰਾ' ਪਟਿਆਲਾ




www.AKJ.Org

# ਗਰੀਬਦਾਸੀਆ ਨਿਹੰਗ ਸਿੰਘ

( ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ )

੨੪ ਅਕਤੂਬਰ ੧੯੬੭ ਨੂੰ ਗੁਰਦੁਆਰਾ ਹੱਟ ਸਾਹਿਬ ਮੋਦੀਖਾਨਾ ਸੁਲਤਾਨਪੁਰ ਦੇ ਦਰਸ਼ਨ ਕਰਣ ਤੋਂ ਬਾਹਦ ਵਾਪਸ ਆਉਂਦਿਆਂ ਲੇਖਕ ਨੂੰ ਕੋਟਕਪੂਰੇ ਸਟੇਸ਼ਨ ਤੇ ਇਕ ਨਿਹੰਗ ਸਿੰਘ ਦੇ ਦਰਸ਼ਨ ਹੋਏ। ਬੜਾ ਚਿਤ ਪ੍ਰਸੰਨ ਹੋਇਆ। ਸ੍ਰੀ ਦਰਬਾਰ ਸਾਹਿਬ ਮੁਕਤਸਰ ਤੇ ਹੋਰ ਗੁਰਦੁਆਰਿਆਂ ਦੀ ਯਾਤ੍ਰਾ ਕਰਨ ਪਿਛੋਂ ਨਿਹੰਗ ਸਿੰਘ ਜੀ ਤੋਂ ਪਤਾ ਲਗਾ ਕਿ ਉਸ ਨੇ ਇਕ ਗੀਰਬਦਾਸੀਏ ਨੂੰ ਗੁਰੂ ਬਣਾਇਆ ਹੋਇਆ ਹੈ। ਇਹ ਗੱਲ ਬੜੀ ਬੁਰੀ ਲਗੀ ਕਿ ਇਕ ਤਿਆਰ-ਬਰ-ਤਿਆਰ ਨਿਹੰਗ ਸਿੰਘ ਖਾਲਸਾ, ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁਖ ਹੋ ਕੇ ਗਰੀਬ-ਦਾਸੀਏ ਦਾ ਚੇਲਾ ਕਿਉਂ ਬਣੇ? ਉਪ੍ਰੰਤ ਉਹ ਗਰੀਬਦਾਸੀਆ ਵੀ ਦੇਖਿਆ ਤੇ ਉਸ ਦੀਆਂ ਗਲਾਂ ਵੀ ਸੁਣੀਆਂ ਪਰ ਉਹ ਗੀਰਬਦਾਸੀਆ ਗੁਰਬਾਣੀ ਦੀ ਚੋਟ ਨ ਸਹਾਰ ਸਕਿਆ। ਸ੍ਰੀ ਕਲਗੀਧਰ ਜੀ ਦੇ ਇਸ ਸੇਵਕ ਨੇ ਆਖਿਆ ਨਿਹੰਗ ਸਿੰਘ ਜੀ! ਤੁਸੀ ਬੜੀ ਭਾਰੀ ਗਲਤੀ ਕੀਤੀ ਹੈ। ਗੁਰਮਤਿ ਦਾ ਗੁਰਮੰਤਰ ਕਦੀ ਨਹੀਂ ਸੀ ਤਿਆਗਣਾ। ਇਸੇ ਗੁਰਮੰਤਰ ਦੇ ਨਾਲ ਹੀ ਤੁਹਾਡੇ ਅੰਦਰ ਚਾਨਣ ਹੋ ਸਕਦਾ ਸੀ। ਖਬਰਦਾਰ! ਅਗੇ ਵਾਸਤੇ ਗੁਰਮਤਿ ਦਾ ਗੁਰਮੰਤਰ ਜਪਿਆ ਕਰੋ ਤੇ ਗਰੀਬਦਾਸੀਆ ਦੀ ਸੰਗਤ ਛਡੋ, ਸ੍ਰੀ ਗੁ ਗੋਬਿੰਦ ਸਿੰਘ ਜੀ ਦੀ ਸ਼ਰਨ ਆਉ।'

"ਅਫਸੋਸ ਜੇ ਸਾਡੇ ਵਿਚ ਗੁਰਮਤਿ ਪ੍ਰਚਾਰ ਦ ਘਾਟਾ ਨਾ ਹੋਵੇ ਤਾਂ ਅਜ ਨਿਹੰਗ ਸਿੰਘ ਵਰ ਗੁਰਮੰਤ੍ਰ ਤੇ ਸ਼ਬਦ ਸੁਰਤ ਦੀ ਵਾਕਫੀਅਤ ਵਾਸ ਕਿਉਂ ਅਨਮਤੀਆਂ ਦੇ ਦਰਾਂ ਤੇ ਰੁਲਦੇ ਫ਼ਿਰਨ ਇਸ ਲਈ ਸ਼ਬਦ-ਸੁਰਤ ਦੇ ਅਭਿਆਸੀ ਗੁਰਸਿ ਗੁਰਮਤਿ ਪ੍ਰਚਾਰ ਵਲ ਆਪਣਾ ਪੂਰਾ ਪੂ ਧਿਆਨ ਦੇਣ। ਇਹ ਗੁਰੂ ਪੰਥ ਦੀ ਇਕ ਮਹਾ ਸੇਵਾ ਹੈ। ਸ਼ਬਦ ਸੁਰਤ ਦੀ ਸੋਝੀ ਵਾਲੇ ਤੇ ਪੰ ਕਕਾਰ ਦੀ ਪੂਰੀ ਰਹਿਤ ਰਖਣ ਵਾਲੇ ਗੁਰਸਿ ਜੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿ ਛਕਾਣ ਤੋਂ ਬਾਦ ਮੂਲਮੰਤ੍ਰ ਗੁਰਮੰਤ੍ਰ ਦੇ ਸਿਮਰ ਕਰਨ ਦੀ ਜੁਗਤੀ ਦਸਣ ਦੀ ਕਿਰਪਾਲ ਕਰਨ ਤਾਂ ਗੁਰਸਿਖ, ਗੁਰਮਤਿ ਤੋਂ ਲਾਭ ਪ੍ਰਾਪ ਕਰ ਸਕਦੇ ਹਨ।"

(ਗੁਰ ਸੰਦੇਸ਼-ਜਨਵਰੀ ੧੯੬੮-ਪੰਨਾ ੪੯

ਇਹ ਹਨ ਅਖਰ ਇਕ ਗੁਰਮਤਿ ਹਿਤੈਸ਼ ਵੀਰ ਦੇ ਜੋ ਉਨਾਂ ਸ੍ਰੀ ਕਲਗੀਧਰ ਪਾਤਸ਼ਾਹ ਜ ਦੇ ਚਮਤਕਾਰੀ ਚੋਜ ਵਰਣਨ ਕਰਦਿਆਂ ਆਪ ਲੇਖ ਵਿਚ ਲਿਖੇ। ਇਹ ਜਜ਼ਬਾ ਹਰ ਗੁਰਮ ਪਿਆਰੇ ਗੁਰੂ ਨਾਨਕ-ਦਸਮੇਸ਼ ਦੇ ਘਰੋਂ ਦ


www.AKJ.Org

ਵਰੋਸਾਏ, ਗੁਰਮਤਿ ਨਾਮ ਦੀ ਕਦਰ-ਕੀਮਤ ਸਮਝਨ ਵਾਲੇ ਹੋਰ ਗੁਰ ਸਿਖਾਂ ਦੇ ਅੰਦਰ ਵੀ ਹੈ। ਪਰ ਉਹ ਕਹਿਣ ਕਿਸ ਅਗੇ ? ਦੇਖਣ ਚਾਖਣ ਨੂੰ ਜੋ ਗੁਰਸਿਖ ਸੰਸਥਾਵਾਂ ਗੁਰਸਿਖੀ ਪ੍ਰਚਾਰ ਜਾਂ ਪਿਆਰ ਦਾ ਦਾਅਵਾ ਕਰਦੀਆਂ ਹਨ ਉਹ ਅੰਦਰੋਂ ਖੋਖਲੀਆਂ ਦੁਨੀਆਂ ਦੇ ਸਾਹਮਣੇ ਪ੍ਰਗਟ ਹੋ ਰਹੀਆਂ ਹਨ। ਸਾਡੇ ਕਹਿਵਤੀ ਪੰਥਕ ਲੀਡਰਾਂ ਕੋਲ ਤਾਂ ਆਪਣੀ ਚੋਧਰ ਕਾਇਮ ਰਖਣ ਅਤੇ ਗੁਰਦੁਆਰਿਆਂ ਵਿਚ ਆਇਆ ਪੂਜਾ ਦਾ ਧਾਨ ਹਜ਼ਮ ਕਰਨ ਤੋਂ ਬਿਨਾ ਹੋਰ ਕਿਸੇ ਕਾਰਨ ਲਈ ਵਿਹਲ ਹੀ ਨਹੀਂ ਤੇ ਨਾਹੀ ਸ਼ਾਇਦ ਸਮਰਥਾ ਹੈ। ਗੁਰਦੁਆਰਾ ਸੁਧਾਰ ਲੈਹਰ ਦੇ ਸਿਟੇ ਵਜੋਂ ਗੁਰਧਾਮਾਂ ਦਾ ਪ੍ਰਬੰਧ ਮਹੰਤਾਂ ਕੋਲੋਂ ਨਿਕਲ ਕੇ ਕਹਿਵਤੀ ਡੈਮੋਕਰੇਸੀ ਦੇ ਅਨੁਸਾਰ ਜਨਤਾ ਦੇ ਚੁਣੇ ਹੋਏ ਲੀਡਰਾਂ ਦੇ ਹਥ ਆ ਗਿਆ। ਗੁਰਦੁਆਰਿਆਂ ਦੀ ਮਹੰਤਾਂ ਕੋਲੋਂ ਆਜ਼ਾਦੀ ਲੈਣ ਦੀ ਖਾਤਰ ਜੋ ਆਮ ਗੁਰਸਿਖ ਜਨਤਾ ਨੇ ਘਾਲਣਾ ਘਾਲੀਆਂ, ਉਨ੍ਹਾਂ ਨੂੰ ਪੜ੍ਹ ਸੁਣਕੇ ਹੁਣ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਪਰ ਇਨਾਂ ਸਭ ਮਹਾਨ ਤੇ ਲਾ ਮਿਸਾਲ ਕੁਰਬਾਨੀਆਂ ਦਾ ਸਿੱਟਾ ਕੀ ਨਿਕਲਿਆ ? ਇਹ ਸਭ ਕੁਝ ਹਰ ਕਾਸੇ ਦੇ ਸਾਹਮਣੇ ਤੇ ਕਿਸੇ ਵਰਣਨ ਦਾ ਮੁਹਤਾਜ ਨਹੀਂ।

ਇਨਾਂ ਕਹਾਵਤੀ ਪੰਥਕ ਲੀਡਰਾਂ ਤੋਂ ਉਪ੍ਰੰਤ ਹੋਰ ਜਿਨਾਂ ਵਿਯਕਤੀਆਂ ਤੋਂ ਗੁਰਮਤਿ ਪ੍ਰਚਾਰ ਦੀ ਆਸ ਸੀ, ਉਹ ਹਨ ਅਣਗਿਣਤ 'ਸੰਤ' 'ਮਹਾਤਮਾ'। ਲੰਬੇ ਲੰਬੇ ਚੋਲੇ ਪਾਕੇ, ਸੋਹਣੀ ਸ਼ਬਦਾਵਲੀ ਭਰਪੂਰ ਕਥਾਵਾਂ ਤੇ ਲੈਕਚਰ ਕਰ ਕੇ ਉਹ ਆਮ ਭੋਲੀ ਭਾਲੀ ਗੁਰਸਿਖ ਜਨਤਾ ਨੂੰ ਅਸਲ ਗੁਰਮਤਿ ਦਰਸਾਣ ਦੀ ਥਾਂ ਅਛੋਪਲੇ ਤੇ ਅਣਜਾਣੇ ਹੀ ਦੇਹ ਧਾਰ ਗੁਰੂ-ਪੂਜਾ ਤੇ ਇਸ ਦੇ ਪਰਦੇ ਵਿਚ ਸ੍ਵੈ ਪੂਜਾ ਵਲ ਲਿਜਾ ਰਹੇ ਹਨ। ਚੰਗੇ ਚੰਗੇ ਉਘੇ 'ਸੰਤ' ਪੁਰਸ਼ ਜਿਨਾਂ ਦੀ ਕਥਨੀ ਵਿਚ ਜਾਦੂ ਭਰਿਆ ਅਸਰ ਕੁਦਰਤ ਨੇ ਬਖ਼ਸ਼ਿਆ ਹੈ-ਜਦ ਉਨਾਂ ਦੇ ਜ਼ਰਾ ਨੇੜੇ ਹੋਕੇ ਤੱਕੋ-ਵਿਚੋਂ ਇਹੀ ਸ੍ਵੈ ਪੂਜਾ ਕਰਵਾਉਣ ਦੀ ਭੁਖ ਨਜ਼ਰ ਪੈਂਦੀ ਹੈ। ਸਤਿਗੁਰੂ ਦਰਸਾਈ ਗੁਰਮਤਿ ਦੇ ਐਨ ਉਲਟ ਗੁਰਬਾਣੀ ਦੀਆਂ ਤੁਕਾਂ ਲਿਖਕੇ ਤਬੀਤ ਆਦਿ ਦੇਣ ਜਾਂ ਹੋਰ ਇਹੋ ਜਿਹੇ ਢੰਗ ਮਨੋਰਥ ਪੂਰਤੀ ਲਈ ਦਸਣੇ ਇਹ ਹੈ ਉਨ੍ਹਾਂ ਦਾ ਅਸਲ ਪ੍ਰਚਾਰ। ਵੱਡੇ ਵੱਡੇ ਡੇਰਿਆਂ ਵਾਲੇ ਸੰਤ ਪੁਰਸ਼ (ਕੁਝ ਕੁ ਵਿਰਲਿਆਂ ਤੋਂ ਬਿਨਾਂ) ਆਮ ਤੌਰ ਤੇ ਇਹੋ ਗੁਰੂ-ਡੰਮ ਦਾ ਪ੍ਰਚਾਰ ਅਤੇ ਲੋਕਾਂ ਨੂੰ ਤੱਤ ਗੁਰਮਤਿ ਤੋਂ ਦੂਰ ਲਿਜਾਣ ਦਾ ਕਾਰਜ ਹੀ ਸਿਰੇ ਚਾੜ੍ਹ ਰਹੇ ਹਨ।

ਇਸ ਵਾਤਾਵਰਨ ਵਿਚ ਜੇ ਕੋਈ ਟਾਵਾਂ ਟਾਵਾਂ ਨਾਮ ਅਭਿਆਸੀ ਗੁਰਸਿਖ ਮਹਾਂ ਪੁਰਸ਼, ਅਸਲ ਗੁਰਮਤਿ ਨੂੰ ਪ੍ਰਗਟ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਉਤੇ ਇਹ ਸਾਡੇ ਕਹਿਵਤੀ ਨੇਤਾ ਨੁਕਤਾਚੀਨੀ ਕਰਦੇ ਹਨ ਕਿ ਉਹ ਦਸਮੇਸ਼ ਜੀ ਦੀ ਸਿਖੀ ਦੇ ਉਲਟ ਸਿਖਿਆ ਦੇ ਰਿਹਾ ਹੈ। ਜੇ ਕੋਈ ਗੁਰਮਤਿ ਪ੍ਰਬੀਨ ਜੱਥਾ ਜਾਂ ਵਿਅਕਤੀ ਇਹ ਪ੍ਰਚਾਰ ਕਰਦੀ ਹੈ ਕਿ ਪੰਜ-ਕਕਾਰੀ ਰਹਿਤ ਵਿਚ ਗਾਤਰੇ ਵਾਲੀ ਕਿਰਪਾਨ ਜ਼ਰੂਰੀ ਹੈ, ਤਾਂ ਉਸ ਨੂੰ ਵਹਿਮ ਪ੍ਰਸਤੀ ਦੇ ਨਾਮ ਨਾਲ ਤ੍ਰਿਸਕਾਰ ਕੇ ਕਿਹਾ ਜਾਂਦਾ ਹੈ ਸਿਰਫ ਚਿਨ੍ਹਾ ਦੇ ਰਖਣਾ ਜ਼ਰੂਰੀ ਹੋਣ ਕਰਕੇ ਜੇ ਕਰ ਨਿਕੀ ਜਿਹੀ ਕੰਘੇ ਨਾਲ ਰਖਣ ਵਾਲੀ ਕਿਰਪਾਨ ਧਾਰਨ ਕੀਤੀ ਹੋਵੇ ਤਾਂ ਉਹ ਵੀ ਕਕਾਰ ਜਾਂ ਰਹਿਤ ਹੈ। ਸਾਡੇ ਸੁਖ ਰਹਿਣੇ ਪੰਥਕ


www.AKJ.Org

ਆਗੂਆਂ ਨੇ ਜਿਨਾਂ ਦੀ ਚੌਧਰ, ਮਾਇਆਧਾਰੀ ਸੁਖ ਰਹਿਣੀ ਸ਼ਰੇਣੀ ਦੇ ਬਲ-ਬੋਤੇ ਤੇ ਕਾਇਮ ਹੈ, ਗੁਰਮਤਿ ਨੂੰ ਵੀ ਸੁਖ-ਰਹਿਣੇ ਢਾਂਚੇ ਵਿਚ ਢਾਲ ਦਿਤਾ ਹੈ। ਅੰਮ੍ਰਿਤ ਵੇਲੇ ਨਿਤਨੇਮ ਦੀਆਂ ਪੰਜ ਬਾਣੀਆਂ ਘਟਾਕੇ ਤਿਨ ਕਰ ਦਿਤੀਆਂ ਹਨ ਤੇ ਪੰਜ ਬਾਣੀਆਂ ਦੀ ਗਿਣਤੀ ਸੋਦਰ ਰਹਿਰਾਸ ਅਤੇ ਕੀਰਤਨ ਸੋਹਿਲਾ ਪਾ ਕੇ ਪੂਰੀ ਕੀਤੀ ਹੈ। 'ਨਾਮ-ਅਭਿਆਸ ਦੀ ਕੋਈ ਉਕਤੀ ਜੁਗਤੀ, ਵਿਧੀ ਨਹੀਂ ਹੈ'-ਇਹ ਕਹਿਕੇ ਨਾਮ ਦ੍ਰਿੜਾ ਕੇ ਨਾਮ-ਅਭਿਆਸ ਦੀ ਜੁਗਤੀ ਦਰਸਾਉਣ ਵਾਲੀ ਗੁਰਮਤਿ ਪੰਚਾਇਨੀ ਮਰਯਾਦਾ ਨੂੰ ਛੁਟਿਆਇਆ ਹੀ ਨਹੀਂ ਬਲਕਿ ਭੰਡਿਆ ਜਾਂਦਾ ਹੈ। ਸਿੱਟਾ ਇਹ ਹੈ ਕਿ ਗੁਰਮਤਿ ਨੂੰ ਅਪਨਾਣ ਵਾਲੇ ਵਿਰਲੇ ਜਨ, ਇਸ ਬਖੇੜੇ ਤੋਂ ਬਚਣ ਲਈ ਇਕਾਂਤ ਵਿਚ, ਆਪਣੇ ਆਪ ਵਿਚ, ਦਿਨ ਕੱਟੀ ਕਰ ਰਹੇ ਹਨ ਤੇ ਗੁਰਮਤਿ ਜਗਿਆਸੂ, ਉਪਰ ਦ੍ਰਿਸ਼ਟਾਏ ਨਿਹੰਗ ਸਿੰਘ ਵਾਂਗੂ ਗਰੀਬ ਦਾਸੀਏ, ਰਾਧਾ ਸਵਾਮੀਏ ਤੇ ਪਤਾ ਨਹੀਂ ਹੋਰ ਕੀ ਕੀ ਬਣ ਰਹੇ ਹਨ।

ਸਾਡੇ ਆਮ ਗੁਰਦੁਆਰਿਆਂ ਵਿਚ ਕੀ ਹੋ ਰਿਹਾ ਹੈ? ਅੰਮ੍ਰਿਤ ਵੇਲਾ ਸੂਰਜ ਚੜ੍ਹਨ ਤੋਂ ਵੀ ਪਿਛੋਂ ਅਰੰਭ ਹੁੰਦਾ ਹੈ। ਰਾਗੀ ਸਿੰਘ ਜਾਂ ਗ੍ਰੰਥੀ ਸਿੰਘ ਉਹੀ ਟਿਕ ਸਕਦੇ ਹਨ ਜਿਨਾਂ ਨੇ ਕਿਸੇ ਨਾ ਕਿਸੇ ਤਰਾਂ ਪ੍ਰਬੰਧਕ ਜਨਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ ਹੋਵੇ ਉਂਞ ਉਹ ਭਾਵੇਂ ਗੁਰਮਤਿ ਤੋਂ ਕੋਰੇ ਹੀ ਹੋਣ। ਉਹ ਵੀ ਸਟੇਜ ਤੇ ਬੈਠਕੇ ਆਪਣੇ ਪੈਟਰਨਾਂ (Patrons) ਲਈ ਇਹੋ ਜਿਹੇ ਵਿਸ਼ੇਸ਼ਨ ਵਰਤਦੇ ਹਨ ਜਿਨਾਂ ਨੂੰ ਸੁਣਕੇ ਉਹ ਸ਼ਾਇਦ ਆਪ ਵੀ ਸ਼ਰਮਾ ਜਾਂਦੇ ਹੋਣ। ਇਕ ਗੁਰਦੁਆਰੇ ਦੇ ਪ੍ਰਧਾਨ ਸਾਹਿਬ ਉਸ ਸ਼ੈਹਰ ਦੇ ਮੰਨੇ ਪ੍ਰਮੰਨੇ ਸਜਨ ਸਨ ਭਾਵੇਂ ਉਹ ਕੇਸ-ਦਾਹੜੀ ਬਿਹੂਨ ਸਨ ਤੇ ਉਨਾਂ ਦੀ ਧਰਮ ਪਤਨੀ, ਪੁਤ੍ਰ ਨੂੰਹਾਂ ਸਭ ਹੀ ਅਸਿਖ ਸਨ। ਗੁਰਦੁਆਰੇ ਦੇ ਮੈਂਬਰਾਂ ਵਿਚ ਪਾਰਟੀ ਬਾਜ਼ੀ (ਜੋ ਹਰ ਥਾਂ ਤੇ ਹੀ ਹੈ) ਦੀ ਕ੍ਰਿਪਾ ਨਾਲ ਦੋਵੇਂ, ਧਿਰਾਂ ਉਸ ਸਜਨ ਤੋਂ ਬਿਨਾਂ ਕਿਸੇ ਹੋਰ ਦੀ ਪ੍ਰਧਾਨਗੀ ਤੇ ਸ਼ਾਇਦ ਸਹਿਮਤ ਹੀ ਨਹੀਂ ਸਨ ਹੋ ਸਕਦੀਆਂ। ਸਕਤ੍ਰ ਸਾਹਿਬ ਨੇ ਸ੍ਰੀ ਦਸਮੇਸ਼ ਪ੍ਰਕਾਸ਼ ਉਤਸ਼ਵ ਸਮੇਂ ਸਟੇਜ ਤੇ ਖਲੋ ਕੇ ਚੰਗੇ ਵਿਸ਼ੇਸ਼ਨ ਲਾ ਲਾ ਕੇ ਐਲਾਨ ਕਰ ਦਿਤਾ "ਸਾਧ ਸੰਗਤ ਜੀ! ਹੁਣ ਸਾਡੇ ਸਤਿਕਾਰ ਯੋਗ ਪ੍ਰਧਾਨ ਜੀ ਦਸਮੇਸ਼ ਪਿਤਾ ਜੀ ਦੇ ਜੀਵਨ-ਆਦਰਸ਼ ਤੇ ਕੁਝ ਰੋਸ਼ਨੀ ਪਾਉਣਗੇ।" ਸੰਗਤ ਹੀ ਨਹੀਂ, ਉਹ ਪ੍ਰਧਾਨ ਜੀ ਆਪ ਵੀ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ, ਉਹ ਜੋ ਕਿ ਖ਼ੁਦ ਪਤਿਤ ਹਨ,ਮਾਸ ਸ਼ਰਾਬ ਦੇ ਨਿਤਨੇਮੀ—ਉਹ ਕਿਸਤਰਾਂ ਗੁਰੂ ਸਾਹਿਬ ਦੇ ਜੀਵਨ-ਆਦਰਸ਼ ਸਬੰਧੀ ਕੁਝ ਕਹਿਣ ਦੀ ਸਮਰਥਾ ਰਖਦੇ ਹਨ। ਅਖੀਰ ਉਨਾਂ ਆਪ ਹੀ ਸਿਆਣਪ ਵਰਤੀ ਤੇ ਸਟੇਜ ਤੇ ਜਾਣ ਤੋਂ ਇਨਕਾਰ ਕਰ ਦਿਤਾ।

ਇਸ ਲੇਖ ਦੇ ਅਰੰਭ ਵਿਚ ਪੰਥ ਹਿਤੈਸ਼ੀ ਜੀ ਦੇ ਜੋ ਅਖਰ ਲਿਖੇ ਗਏ ਹਨ, ਉਸਦੀਆਂ ਅੰਤਲੀਆਂ ਲਾਈਨਾਂ ਖਾਸ ਧਿਆਨ ਯੋਗ ਹਨ ਅਤੇ ਫੇਰ ਦੁਹਰਾਈਆਂ ਜਾਂਦੀਆਂ ਹਨ।

"ਸ਼ਬਦ-ਸੁਰਤ ਦੀ ਸੋਝੀ ਵਾਲੇ ਤੇ ਪੰਜ ਕਕਾਰ ਦੀ ਪੂਰੀ ਰਹਿਤ ਰਖਣ ਵਾਲੇ ਗੁਰ ਸਿਖ ਜੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਕੇ ਅੰਮ੍ਰਿਤ ਛਕਾਣ ਤੋਂ ਬਾਹਦ ਮੂਲ ਮੰਤਰ ਗੁਰਮੰਤਰ ਦੇ


www.AKJ.Org

ਸਿਮਰਣ ਦੀ ਜੁਗਤੀ ਦਸਣ ਦੀ ਕਿਰਪਾਲਤਾ ਕਰਨ ਤਾਂ ਗੁਰ ਸਿਖ ਗੁਰਮਤਿ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ।'

ਜਿਹਾ ਕਿ ਉਪਰ ਸੰਕੇਤਕ ਰੂਪ ਵਿਚ ਦਸਿਆ ਜਾ ਚੁਕਾ ਹੈ, ਗੁਰਮਤਿ ਵਿਚ ਇਸ ਸਿਮਰਨ ਜੁਗਤੀ ਨੂੰ ਆਮ ਪੰਥਕ ਸੰਸਥਾਵਾਂ ਦਰਸਾਉਣ ਜਾਂ ਦ੍ਰਿੜਾਉਣ ਦੀ ਲੋੜ ਤੋਂ ਇਨਕਾਰੀ ਹਨ। ਇਥੇ ਇਸ ਸਬੰਧ ਵਿਚ ਇਕ ਗੁਰਸਿਖ ਦਾ ਨਿੱਜੀ ਤਜਰਬਾ ਦਸਣਾ ਅਯੋਗ ਨਹੀਂ ਹੋਵੇਗਾ। ਕਿਸੇ ਪੂਰਬਲੇ ਸ਼ੁਭ ਕਰਮਾਂ ਦੇ ਅੰਕੁਰ ਪ੍ਰਗਟ ਹੋਣ ਕਰਕੇ ਉਸ ਦੇ ਮਨ ਵਿਚ ਕਿਸੇ ਅੰਮ੍ਰਿਤ ਸਮਾਗਮ ਵਿਖੇ ਪੰਜਾਂ ਪਿਆਰਿਆਂ ਦੇ ਪੇਸ਼ ਹੋਕੇ ਨਾਮ ਦ੍ਰਿੜ ਕਰਵਾਉਣ ਦੀ ਅਭਿਲਾਖਾ ਪੈਦਾ ਹੋ ਗਈ। ਕਈ ਭੁਲਾਂ ਵੀ ਹੋਈਆਂ ਹੋਣਗੀਆਂ ਜਿਨਾਂ ਦੀ ਤਲਾਫ਼ੀ ਵੀ ਪੰਚ ਜਨਾਂ ਦੇ ਪੇਸ਼ ਹੋਕੇ ਕਰਵਾਣੀ ਸੀ। ਇਕ ਮੁਖੀ ਤੇ ਮੰਨੀ ਪ੍ਰਮੰਨੀ ਪੰਥਕ ਸੰਸਥਾ ਵਲੋਂ ਕੀਤੇ ਜਾ ਰਹੇ ਅੰਮ੍ਰਿਤ ਪ੍ਰਚਾਰ ਸਮਾਗਮ ਵਿਚ ਉਹ ਜਾ ਪੇਸ਼ ਹੋਇਆ। ਪਹਿਲੇ ਤਾਂ ਇਹ ਦੇਖਿਆ ਕਿ "ਪੰਜਾਂ" ਤੋਂ ਬਾਹਰਾ ਇਕ ਬਜ਼ੁਰਗ ਬਾਬਾ ਜੀ ਰਜਿਸਟਰ ਤੇ ਅੰਮ੍ਰਿਤ ਅਭਿਲਾਸ਼ੀਆਂ ਦੇ ਨਾਮ ਆਦਿ ਦਰਜ ਕਰ ਰਹੇ ਸਨ। ਨਾਮ, ਪਿਤਾ ਦਾ ਨਾਮ, ਰਿਹਾਇਸ਼,ਤਿਥਿ ਆਦਿ ਲਿਖਕੇ ਪੁਛ ਕੀਤੀ ਗਈ ਕਿ ਕੀ ਭੁਲ ਹੋਈ ਹੈ ? ਭੁਲ ਦਸੀ ਗਈ। ਬਾਬਾ ਜੀ ਨੇ ਤੁਰੰਤ ਹੀ ਉਸ ਭੁਲ ਨੂੰ ਬਖਸ਼ਣ ਲਈ "ਤਨਖਾਹ" ਲਾ ਦਿਤੀ ਕਿ ਸਵਾ ਰੁਪਿਆ ਗੋਲਕ ਵਿਚ ਪਾ ਦਿਤਾ ਜਾਵੇ। ਪੰਜ ਪਿਆਰੇ ਪੁਜੇ। ਬਾਬਾ ਜੀ ਨੂੰ ਬੁਲਾਕੇ ਪੁਛਿਆ ਕਿ ਕੀ ਸੋਧ ਸੁਧਾਈ ਹੋ ਚੁਕੀ ਹੈ ? ਉਸ ਬਾਬਾ ਜੀ ਦੇ ਹਾਂ ਵਿਚ ਉਤਰ ਦੇਣ ਤੇ ਬਿਨਾਂ ਕਿਸੇ ਹੋਰ ਪੁਛ ਪ੍ਰਤੀਤ ਦੇ ਅੰਮ੍ਰਿਤ ਛਕਾਉਣ ਤੋਂ ਪਿਛੋਂ ਜਥੇਦਾਰ ਜੀ ਨੇ ਸਮੁਚੇ ਤੌਰ ਤੇ ਅੰਮ੍ਰਿਤ ਛਕਣਹਾਰਿਆਂ ਨੂੰ ਗੁਰ ਮੰਤਰ ਦਸਿਆ। ਉਸ ਗੁਰਸਿਖ ਨੇ ਖਲੋ ਕੇ ਬੇਨਤੀ ਕੀਤੀ 'ਜੀ ਮੇਰਾ ਇਕ ਸ਼ੰਕਾ ਹੈ। ਜੋ ਗੁਰ-ਮੰਤਰ ਆਪ ਜੀ ਨੇ ਦਸਿਆ ਹੈ, ਉਸਦੇ ਜਾਪ ਦੀ ਗੁਰਮਤਿ ਜੁਗਤੀ ਦਰਸਾਉਣ ਦੀ ਵੀ ਕਿਰਪਾਲਤਾ ਕਰਨੀ ਜੀ।' ਇਸ ਦੇ ਉਤਰ ਵਜੋਂ ਜਥੇਦਾਰ ਜੀ ਦਾ ਉਤਰ ਇਸਤਰਾਂ ਦਾ ਸੀ:—

'ਗੁਰਮਤਿ ਦਾ ਗੁਰਮੰਤਰ ਆਪ ਨੂੰ ਦਸਿਆ ਜਾ ਚੁਕਾ ਹੈ। ਇਹੋ ਗੁਰ ਮੰਤਰ ਹੈ ਤੇ ਇਸੇ ਦਾ ਹੀ ਜਾਪ ਕਰਨਾ ਹੈ-ਰਸਨਾ ਦੁਆਰਾ। ਹੋਰ ਜੁਗਤੀ ਜਗਤੀ ਕੋਈ ਗੁਰਮਤਿ ਵਿਚ ਨਹੀਂ ਹੈ। ਇਹ ਜੁਗਤੀ ਵਾਲਾ ਖਿਆਲ ਕਹਿਵਤੀ ਸੰਤਾਂ ਮਹਾਤਮਾਵਾਂ ਆਪਣਾ ਪ੍ਰਭਾਵ ਪਾਉਣ ਲਈ ਤੇ ਆਪਣੀ ਮਾਨਤਾ ਵਧਾਉਣ ਲਈ ਘੜ ਲਿਆ ਹੈ। ਕੋਈ ਖਾਸ ਜੁਗਤੀ, ਨਾਮ ਜਪਨ ਦੀ ਗੁਰਮਤਿ ਵਿਚ ਨਹੀਂ ਹੈ।'

ਇਹ ਹਨ ਪ੍ਰਚਲਤ ਖਿਆਲ ਆਮ ਪੰਥਕ ਸੰਸਥਾਵਾਂ ਦੇ ਜਿਨਾਂ ਦੇ ਸਿਰ ਤੇ ਗੁਰਸਿਖੀ ਪਿਆਰ ਦੀ ਜ਼ਿੰਮੇਦਾਰੀ ਸੌਂਪੀ ਗਈ ਹੈ। ਇਹ ਵੀ ਸੁਣਿਆ ਹੈ ਕਿ ਕਈ ਥਾਈਂ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਗੁਰ-ਮੰਤਰ ਉਕਾ ਹੀ ਦਸਿਆ ਨਹੀਂ ਜਾਂਦਾ। ਇਸ ਉਪਰ ਲਿਖੀ ਕਿਸੇ ਗੁਰ ਸਿਖ ਦੀ ਹਡ-ਬੀਤੀ ਤੋਂ ਅਜ ਦੀ ਅੰਮ੍ਰਿਤ-ਪ੍ਰਚਾਰ ਦੀ ਦਸ਼ਾ ਸੰਬੰਧੀ ਹੇਠ ਲਿਖੇ ਪ੍ਰਸ਼ਨ ਪੈਦਾ ਹੁੰਦੇ ਹਨ—

੧. ਕੀ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰਿਆਂ ਤੋਂ ਬਿਨਾਂ ਹੋਰਸ


www.AKJ.Org

ਕਿਸੇ ਇਕੱਲੇ ਵਿਯਕਤੀ ਨੂੰ ਅੰਮ੍ਰਿਤ-ਅਭਿਲਾਸ਼ੀ ਜਗਿਆਸੂ ਦੀ ਭੁਲ ਬਖਸ਼ਣ ਤੇ ਤਨਖਾਹ ਲਾਉਣ ਦਾ ਅਧਿਕਾਰ ਗੁਰਮਤਿ ਵਿਚ ਹੈ ?

੨. ਜੇ ਨਹੀਂ, ਤਾਂ ਐਸੇ 'ਬਖਸ਼ੇ' ਹੋਏ ਜਗਿਆਸੂ ਪਾਵਨ ਅੰਮ੍ਰਿਤ ਦੇ ਅਧਿਕਾਰੀ ਕਿਸਤਰਾਂ ਹੋ ਸਕਦੇ ਹਨ ?

੩. ਕੀ ਗੁਰਮਤਿ ਨਾਮ ਅਭਿਆਸ ਦੀ ਕੋਈ ਜੁਗਤੀ ਜਾਂ ਵਿਧੀ ਹੈ ? ਜਾਂ ਕੀ ਅੰਮ੍ਰਿਤ ਛਕਾਣ ਲਗਿਆਂ ਪੰਜਾਂ ਪਿਆਰਿਆਂ ਨੇ ਕੇਵਲ ਗੁਰਮਤਿ ਨੂੰ ਦਸਣਾ ਹੀ ਹੈ ਜਾਂ ਕਿ ਨਾਮ ਦ੍ਰਿੜਾਉਣਾ ਭੀ ਹੈ ? ਨਾਮ ਦ੍ਰਿੜਾਉਣ ਤੋਂ ਭਾਵ ਨਾਮ ਜਪਨ ਦੀ ਜੁਗਤੀ ਦਸ ਕੇ ਨਾਮ ਅਭਿਆਸ ਦਾ ਪੱਕਾ ਤੋਰਾ ਤੋਰਨ ਦਾ ਹੈ।

ਆਉ ! ਇਨਾ ਤਿਨਾ ਨੁਕਤਿਆਂ ਤੇ ਗੁਰਮਤਿ ਦੀ ਰੋਸ਼ਨੀ ਵਿਚ ਵਿਚਾਰ ਕਰੀਏ।

ਨੰ: ੧. ਇਸ ਸਚਾਈ ਤੋਂ ਕੋਈ ਵੀ ਗੁਰਮਤਿ ਪਾਂਧੀ ਇਨਕਾਰੀ ਨਹੀਂ ਹੋ ਸਕਦਾ ਕਿ ਗੁਨਾਹਾਂ ਜਾ ਭੁਲਾਂ ਦੀ ਤਲਾਫ਼ੀ ਅਕਾਲਪੁਰਖ ਦੇ ਹੁਕਮ ਅੰਦਰ ਹੀ ਹੁੰਦੀ ਹੈ। ਸਚੇ ਗੁਰੂ—ਆਪਿ ਨਰਾਇਣ ਕਲਾਧਾਰ ਜਗ ਮਹਿ ਪਰਵਰਿਉ—ਸ੍ਰੀ ਗੁਰੂ ਨਾਨਕ,ਦਸਮੇਸ਼ ਜੀ ਚੂੰਕਿ ਅਕਾਲ ਦਾ ਹੀ ਰੂਪ ਹਨ ਇਸ ਲਈ ਅਕਾਲ ਤੋਂ ਉਪਰੰਤ ਜੇ ਕੋਈ ਹਸਤੀ ਮਨੁਖੀ ਗੁਨਾਹਾਂ ਨੂੰ ਬਖਸ਼ਣ ਜਾਂ ਸਜ਼ਾ ਦੇਣ ਦੀ ਸਮਰਥਾ ਰਖਦੀ ਹੈ ਤਾਂ ਉਹ ਹਨ ਆਪ ਸਤਿਗੁਰੂ ਜੀ, ਜਿਹਾ ਕਿ—

ਸਤਿਗੁਰ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥
ਸਤਿਗੁਰ ਮਿਲਿਐ ਵਡੀ ਵਡਿਆਈ ॥
ਦੁਖ ਕਾਟੈ ਹਿਰਦੈ ਨਾਮ ਵਸਾਈ ॥
ਨਾਮ ਰਤੇ ਸਦਾ ਸੁਖ ਪਾਈ ॥ ੭ ॥
(ਬਿਲਾਵਲ ਮ: ੩ ਅਸ਼ਟਪਦੀ)

ਅਸਲ ਵਿਚ ਗੁਨਾਹਾਂ ਦੀ ਮੁਆਫ਼ੀ ਤ ਅਕਾਲ ਨੇ ਹੀ ਕਰਨੀ ਹੈ। ਪਰ ਕਰਨੀ ਆਪਣੇ ਪਰਾ ਪੂਰਬਲੇ 'ਨਾਮ' ਨਾਲ ਜਿਸ ਪ੍ਰਾਪਤੀ ਸਤਿਗੁਰੂ ਪਾਸੋਂ ਹੀ ਹੋ ਸਕਦੀ ਹੈ ਪਿਛਲੇ ਪਾਪਾਂ ਕੁਕਰਮਾਂ ਦੀ ਮੈਲ ਜੋ ਮਨ ਤ ਲਗੀ ਹੋਈ ਹੈ ਉਹ ਧੋਣੀ ਹੈ 'ਨਾਮ' ਨੇ ਅਤੇ ਇ ਕਹਿੰਦੇ ਹਨ ਗੁਨਾਹਾਂ ਦਾ ਬਖਸ਼ਣਾ—

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁਜੀ)

ਬਖ਼ਸ਼ਿਸ਼ ਇਹੋ ਹੈ ਕਿ ਨਾਮ ਨੇ ਪਿਛਲੇ ਪਾਪ ਦੀ ਮੈਲ ਧੋਵਣੀ ਹੈ ਤੇ ਫਿਰ ਖਿਨ ਖਿਨ ਨਾਮ ਅਭਿਆਸ ਨੇ ਅਗੋਂ ਮੈਲ ਲਗਣ ਨਹੀਂ ਦੇਣੀ ਇਸ "ਨਾਮ" ਦੀ ਪ੍ਰਾਪਤੀ ਕੇਵਲ ਸਚੇ ਗੁਰੂ— ਗੁਰੂ ਨਾਨਕ—ਦਸਮੇਸ਼ ਤੇ ਉਹਨਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਾਸੋਂ ਹੋਣੀ ਹੈ:—

"ਸਤਿਗੁਰ ਦਾਤਾ ਹਰਿਨਾਮ ਕਾ,
ਪ੍ਰਭ ਆਪਿ ਮਿਲਾਵੈ ਸੋਇ ॥"
ਤਥਾ—'ਨਾਮ ਅਮੋਲਕ ਰਤਨੁ ਹੈ, ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥'
ਤਥਾ—'ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ
ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ॥
ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

ਤੇ ਹੋਣੀ ਹੈ ਪਿਛਲੇ ਪਾਪਾਂ ਦਾ ਸਚੇ ਦਿਲੋਂ ਸਤਿਗੁਰੂ ਦੇ ਸਨਮੁਖ ਪਛਤਾਵਾ ਕਰਕੇ।

"ਇਕ ਸਿਖ ਦੁਇ ਸਾਧ ਸੰਗ ਪੰਜ ਪਰਮੇਸਰ' ਦੇ ਗੁਰ ਹੁਕਮ ਅਨੁਸਾਰ ਤੇ ਸ੍ਰੀ ਦਸਮੇਸ਼ ਜੀ ਦੀ ਸਾਜੀ ਅਟਲ ਮਰਯਾਦ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ (ਹਜ਼ੂਰੀ ਵਿਚ) ਪੰਜ 'ਪੰਚ' ਜਨਾ, ਗੁਰ ਸਿਖ ਵਿਚ ਸਤਿਗੁਰੂ ਜੀ ਦੀ ਆਪਣੀ ਕਲਾ ਵਰਤ


www.AKJ.org

ਕਰਕੇ ਇਹ ਗੁਨਾਹਾਂ ਬਖਸ਼ਨ ਦੀ ਅਕਾਲੀ ਰਥਾ ਪ੍ਰਵੇਸ਼ ਕਰ ਰਹੀ ਹੁੰਦੀ ਹੈ।ਕਿਸੇ ਇਕੱਲੀ ਯਕਤੀ ਵਿਚ ਚਾਹੇ ਉਹ ਕਿਡਾ ਵੀ ਮਾਣ ਭਾ ਤੇ ਸ਼ਕਤੀ ਦਾ ਮਾਲਕ ਹੋਵੇ, ਉਸ ਪ੍ਰਮੇਸਰ ਇਹ ਕਲਾ—

"ਪਿਛਲੇ ਅਉਗਣ ਬਖਸ ਲਏ ਪ੍ਰਭੁ ਆਗੈ ਮਾਰਗ ਪਾਵੈ"

ਾਲੀ ਕਦਾਚਿਤ ਨਹੀਂ ਵਰਤ ਸਕਦੀ। ਜਦ ਕਸੇ ਇਕਲੇ ਨੂੰ 'ਨਾਮ' ਪ੍ਰਦਾਨ ਕਰਨ ਦੀ ਹੀ ਮਰਥਾ ਨਹੀਂ ਤਾਂ ਉਸ ਵਿਚ ਗੁਨਾਹ ਬਖਸ਼ਕੇ ਤਨਖਾਹ' ਲਾਉਣ ਦੀ ਸਮਰਥਾ ਕਿਸਤਰਾਂ ਆ ਕਦੀ ਹੈ। ਸੋ ਇਹ ਸਪਸ਼ਟ ਹੈ ਕਿ ਕੇਵਲ ਪੰਜ ਪੰਚ' ਜਨਾ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਨੇਤਨੇਮੀ ਤੇ ਨਾਮ ਰੰਗੇ ਪੰਜ ਪਿਆਰਿਆਂ ਨੂੰ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਗਿਆਸੂਆਂ ਦੇ ਗੁਨਾਹ ਬਖਸ਼ਣ ਦਾ ਤੇ ਤਨਖਾਹ ਆਦਿ ਲਾਉਣ ਦਾ ਅਧਿਕਾਰ ਹੈ।

ਨੰ: ੨. ਉਪਰ ਸਿੱਧ ਹੋ ਚੁਕਾ ਹੈ ਕਿ ਕਿਸੇ ਇਕਲੇ ਨੂੰ ਜਗਿਆਸੂ, ਅੰਮ੍ਰਿਤ ਅਭਿਲਾਸ਼ੀ ਦੇ ਪਾਪ, ਗੁਨਾਹ ਬਖ਼ਸ਼ਣ ਆਦਿ ਦਾ ਅਧਿਕਾਰ ਨਹੀਂ। ਤਾਂ ਫੇਰ ਐਸਾ ਆਪ ਹੁਦਰੇ 'ਬਖਸ਼ਿਆ' ਅੰਮ੍ਰਿਤ ਅਭਿਲਾਸ਼ੀ ਪ੍ਰਾਵਨ ਅੰਮ੍ਰਿਤ ਦਾ ਅਧਿਕਾਰੀ ਹੋ ਹੀ ਨਹੀਂ ਸਕਦਾ।

ਨੰ: ੩. ਹੁਣ ਤੀਜਾ ਨੁਕਤਾ ਹੈ,ਨਾਮ ਜਪਣ ਦੀ ਵਿਧੀ ਜਾਂ ਜੁਗਤੀ ਸੰਬੰਧੀ। ਸਤਿਗੁਰੂ ਨਾਨਕ ਨਿਰੰਕਾਰੀ ਜੀ ਕੇਵਲ ਨਾਮ 'ਦਸਣ' ਲਈ ਨਹੀਂ ਆਏ, ਨਾਮ ਨੂੰ ਦ੍ਰਿੜਾਉਣ ਤੇ ਜਪਾਉਣ ਲਈ ਆਏ ਹਨ। ੧੬੯੯ ਦੀ ਸੁਭਾਗੀ ਵੈਸਾਖੀ ਤੋਂ ਪਹਿਲੇ ਚਰਨਾਮ੍ਰਿਤ ਦੇ ਰੂਪ ਵਿਚ ਜਦ ਸਤਿਗੁਰੂ ਜੀ ਨਾਮ ਬਖ਼ਸ਼ਕੇ ਸਿਰ ਤੇ ਹਥ ਰਖਕੇ, ਕਿਸੇ ਅਗੰਮੀ ਮਿਹਰਮਤ ਵਿਚ ਅਸੀਸ ਦਿਆ ਕਰਦੇ ਸਨ ਕਿ 'ਸਿਖਾ! ਨਿਹਾਲ! ਨਿਹਾਲ!!' ਤਾਂ ਉਦੋਂ ਗੁਰੂ ਘਰ ਵਿਚ ਨਵਜਨਮੇ ਜਗਿਆਸੂ ਅੰਦਰ ਨਾਮ ਦੀ ਰੌ ਚਲ ਪੈਂਦੀ ਸੀ। ਉਸ ਨੂੰ ਠੰਢ ਪੈ ਜਾਂਦੀ ਸੀ ਕਿਉਂਕਿ ਉਸ ਵਿਚ 'ਹਿਵ ਸੀਤਲ ਸ਼ਬਦ' ਦਾ ਤੋਰਾ ਤੁਰ ਪੈਂਦਾ ਸੀ। ਇਸ ਤਰਾਂ ਉਹ ਨਾਮ ਦ੍ਰਿੜਾਉਂਦੇ ਸਨ ਜਾਂ ਆਪਣੀ ਅਗਾਧ ਕਲਾ ਦੁਆਰਾ ਨਾਮ ਜਪਣ ਦੀ ਜੁਗਤੀ ਦਰਸਾਉਂਦੇ ਸਨ। ਦਸਮੇਸ਼ ਪਿਤਾ ਜੀ ਨੇ ਇਸੇ ਜੁਗਤੀ ਦਰਸਾਉਣ ਦਾ ਸਾਧਨ ਚਰਨਾਮ੍ਰਿਤ ਤੋਂ ਬਦਲ ਕੇ 'ਪਾਹੁਲ ਖੰਡੇ ਧਾਰ' ਦੇ ਰੂਪ ਵਿਚ ਪ੍ਰਚਲਤ ਕਰ ਦਿਤਾ ਅਤੇ ਸ੍ਰੀ ਗੁਰੂ ਗ੍ਰੰਥ ਜੀ ਦੇ ਹਜ਼ੂਰ ਪੰਜਾਂ ਪਿਆਰਿਆਂ ਵਿਚ ਉਹੀ ਕਲ ਕ੍ਰਿਸ਼ਮੀ ਗੁਰੂ ਸ਼ਕਤੀ ਦਾ ਪ੍ਰਵੇਸ਼ ਕਰ ਦਿਤਾ ਜਿਸ ਨਾਲ ਕਿ ਉਹ ਆਪ ਜਗਿਆਸੂਆਂ ਨੂੰ ਨਾਮ ਦ੍ਰਿੜ ਕਰਾਕੇ ਨਿਹਾਲ ਕੀਤਾ ਕਰਦੇ ਸਨ। ਗੁਰਬਾਣੀ ਵਿਚ ਨਾਮ ਜਪਾਉਣ ਜਾਂ ਨਾਮ ਬਖ਼ਸ਼ਣ ਤੋਂ ਉਪ੍ਰੰਤ ਕਈ ਥਾਈਂ ਨਾਮ ਦ੍ਰਿੜਾਉਣ ਦਾ ਜ਼ਿਕਰ ਸਤਿਗੁਰੂ ਜੀ ਸੰਬੰਧੀ ਵਰਤਿਆ ਗਿਆ ਹੈ। ਇਸ ਅਖਰ ਦਾ ਭਾਵ ਇਹੋ ਗੁਰਮਤਿ ਜੁਗਤੀ ਨਾਮ ਜਪਾਉਣ ਤੋਂ ਹੀ ਹੈ।

ਸੂਹੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੇਠ ਲਿਖਿਆ ਸ਼ਬਦ ਇਸ ਘੁੰਡੀ ਨੂੰ ਸਪਸ਼ਟ ਖੋਹਲ ਦੇਂਦਾ ਹੈ—

ਭਾਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ, ਹੋਇ ਨਿਰਾਸ ਜਮਾਵਹੁ ॥
ਜਪਹੁ ਤ ਏਕੋ ਨਾਮਾ ॥ ਅਵਰ ਨਿਰਾਫਲ ਕਾਮਾ ॥੧॥ ਰਹਾਉ.।
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ,ਇਨਿ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ, ਭਾਵਨ ਪਾਤੀ ਤ੍ਰਿਪਤਿ ਕਰੇ॥


www.AKJ.org

ਪੂਜਾ ਪ੍ਰਾਣ ਸੇਵਕ ਜੇ ਸੇਵੇ, ਇਨ ਬਿਧਿ ਸਾਹਿਬੁ ਰਵਤ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ, ਤੁਮ ਸਰ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥
(ਰਾਗ ਸੂਹੀ ਮਹਲਾ ੧)

ਇਸ ਸ਼ਬਦ ਨੂੰ ਗਹੁ ਨਾਲ ਵਾਚਨ ਨਾਲ ਇਹ ਪ੍ਰਗਟ ਰੂਪ ਵਿਚ ਸਪਸ਼ਟ ਹੋ ਜਾਂਦੀ ਹੈ ਕਿ ਨਾਮ ਜਪਣ ਦੀ ਖਾਸੁਲਖਾਸ ਗੁਰਮਤਿ ਜੁਗਤੀ ਹੈ ਅਤੇ ਉਸ ਜੁਗਤੀ ਨੂੰ ਅਪਨਾਣਾ ਹਰ ਗੁਰਸਿਖ ਲਈ ਅਤਿ ਜ਼ਰੂਰੀ ਹੈ । ਪਰ ਇਹ ਜੁਗਤੀ ਚਾਹੇ ਉਂਝ ਪੜ੍ਹ ਸੁਣ ਕੇ ਜਾਂ ਦੇਖਕੇ ਸਿਖ ਵੀ ਲਈ ਜਾਵੇ, ਫਲੀਭੂਤ ਤਾਂ ਹੀ ਹੋਵੇਗੀ ਜਦੋਂ ਇਸ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਂ ਪਿਆਰਿਆਂ ਦੇ ਰਾਹੀਂ ਦ੍ਰਿੜਾਉਣਗੇ । ਇਹ ਮਰਯਾਦਾ ਦਸਮੇਸ਼ ਪਿਤਾ ਜੀ ਨੇ ਜੁਗੋ ਜੁਗ ਅਟੱਲ ਬੰਨ ਦਿਤੀ ਹੈ ।

ਉਪਰ ਲਿਖੇ ਗੁਰਸ਼ਬਦ ਵਿਚ ਗੁਰੂ ਨਾਨਕ ਸਾਹਿਬ ਨਾਮ-ਅਭਿਆਸ ਜੁਗਤੀ ਨੂੰ ਦੁਧ ਰਿੜਕਣ ਦੀ ਜੁਗਤੀ ਨਾਲ ਮੇਲਦੇ ਹੋਏ ਦਰਸਾਂਦੇ ਹਨ ਕਿ ਜਿਵੇਂ ਸਿਆਣੀ ਤੀਵੀਂ ਦੁਧ ਕਢਣ ਤੋਂ ਪਹਿਲੇ ਭਾਂਡੇ ਨੂੰ ਚੰਗੀ ਤਰ੍ਹਾਂ ਸਾਫ਼ ਕਰਦੀ ਹੈ, ਇਸੇ ਤਰ੍ਹਾਂ ਗੁਰਸਿਖ ਨੇ ਪਹਿਲੇ ਸਰੀਰ ਰੂਪੀ ਭਾਂਡੇ ਨੂੰ ਬਾਹਰੋਂ ਇਸ਼ਨਾਨ ਨਾਲ ਤੇ ਅੰਦਰੋਂ ਆਪਣੀ ਸੰਕਲਪ ਵਿਕਲਪ ਹਟਾ ਕੇ ਪਵਿਤ੍ਰ ਤੇ ਸਾਵਧਾਨ ਕਰਨਾ ਹੈ। ਇਸ ਯਤਨ ਨਾਲ ਸੁਰਤ ਦਾ ਮੋੜਾ ਨਾਮ ਜਪਣ ਵਲ ਲਗਣ ਕਰਕੇ ਇਕ ਤਰਾਂ ਨਾਲ ਜਾਗ (ਜਾਮਣ) ਲਗ ਜਾਂਦੀ ਹੈ। ਉਪ੍ਰੰਤ 'ਜਿਵੇਂ ਨੇਤ੍ਰੇ ਦੀ ਗੁੱਲੀ ਇਕ ਹਥ ਨਾਲ ਫੜ ਕੇ ਤਾਂ ਆਪਣੇ ਵਲ ਖਿਚੀਦੀ ਹੈ ਤੇ ਦੂਜੇ ਹਥ ਵਾਲੀ ਗੁੱਲੀ ਢਿਲੀ ਛਡੇ ਪਰੇ ਨੂੰ ਜਾਣ ਦੇਈਦੀ ਹੈ। ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਣਾ ਬਿਲੋਵੀਦਾ ਹੈ । ਸੁਆਸ ਸੁਰਤੀ ਨੂੰ ਖਿਚਕੇ 'ਵਾਹਿ' ਅਰਧ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਤਰਗਤੀ) ਲੈਜਾਈਦਾ ਹੈ ਅਤੇ ਜੋਤ ਚਮਕ ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾਕੇ ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤ੍ਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲ ਇਕ ਰਸ ਅਰਧ ਉਰਧੀ ਸੇਤੀ ਖੜਕਾਉਂਦੇ ਹੋਏ ਪਕੀ ਸਾਵਧਾਨਤਾ ਤੇ ਸਜਾਗਤਾ ਰਹਿੰਦੀ ਹੈ । ਗੁਰੂ ਸਾਹਿਬ ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰ ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪੱਗ ਜੀਵਾਂ ਨੂੰ ਅਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ ਭੂਤੀ ਅੰਮ੍ਰਿਤ ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ। ਆਪੋਂ ਬਣੇ ਆਪ ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜਤਾ ਵਾਲੀ ਹੀ ਹੁੰਦੀ ਹੈ। ਸੱਚਾ ਸੁਚੱਜ ਸਤਿਗੁਰੁ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਗੁਰ ਦਰਗਾਹੋਂ ਪੰਜ ਜਨਾ ਦੇ ਪੰਚਾਇਨੀ ਸੀਨਿਆਂ ਅੰਦਰਿ ਅਮਰ ਜੁਗਤੀ ਨਾਲ ਜੁਗਤਾ ਕੇ ਪਰਚੁਰ ਕੀਤਾ।

(ਭਾ. ਸ. ਭਾਈ ਰਣਧੀਰ ਸਿੰਘ ਜੀ ਰਚਿਤ ਗੁਰਮਤਿ ਕਰਮ ਫ਼ਿਲਾਸਫ਼ੀ ਵਿਚੋਂ ਪੰਨਾ ੩੩੭)

ਸੋ ਸਪਸ਼ਟ ਹੋ ਗਿਆ ਕਿ ਨਾਮ ਦਸਨ ਤੋਂ ਉਪ੍ਰੰਤ ਨਾਮ ਦ੍ਰਿੜਾਉਣ ਜਾਂ ਜੁਗਤਾਉਣ ਦੀ ਮੋਹਰ ਭੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਹੀ ਜਗਿਆਸੂ ਤੇ ਕਰਨੀ ਹੈ ਅਤੇ ਇਹੋ ਕਾਰਜ ਉਨ੍ਹਾਂ ਦੇ ਆਪਣੀ ਸਾਜੀ ਗੁਰ ਮਰਯਾਦਾ ਅਨੁਸਾਰ*


www.AKJ.org

# ਪ੍ਰੇਮ ਖੇਲਣ ਕਾ ਚਾਉ

(ਇਕ ਇਤਿਹਾਸਕ ਖੋਜੀ ਦੀ ਕਲਮ ਤੋਂ)

'ਚਾਚੀ ਜੀ! ਗੜਵੇ ਵਿਚ ਦੁਧ-ਘਿਉ ਅਤੇ ਇਕ ਬਾਟੇ ਵਿਚ ਹਲਦੀ ਤੇਲ ਪਾ ਦਿਉ।'

ਭਾਈ ਤਾਰੂ ਸਿੰਘ ਨੇ ਆਉਂਦਿਆਂ ਹੀ ਚਾਚੀ ਰਾਜੋ ਨੂੰ ਕਿਹਾ ਆਪ ਭਾਈ ਸਾਹਿਬ ਆਪਣੀ ਮਾਂ ਜੀ ਕੋਲ ਬੈਠ ਗਏ, ਜੋ ਕਾਫੀ ਬਿਰਦ ਸਨ ਬਰਾਂਡੇ ਵਿਚ ਮੰਜੇ ਤੇ ਲੰਮੇ ਪਏ ਰਹਿੰਦੇ ਸਨ 'ਅਜ ਮਾਂ ਜੀ ਸਾਹ ਤਾਂ ਨਹੀਂ ਰੁਕਿਆ।'

'ਨਹੀਂ ਮੇਰੇ ਸੁਹਣੇ ਪੁਤਰ! ਸਾਹ ਠੀਕ ਰਿਹਾ ਹੈ।' ਮਾਂ ਨੇ ਅਟੱਕ ਅਟੱਕ ਕੇ ਬੋਲਦਿਆਂ ਤੇ ਆਪਣਾ ਕੰਬਦਾ ਹੱਥ ਭਾਈ ਤਾਰੂ ਸਿੰਘ ਦੇ ਮੂੰਹ ਸਿਰ ਤੇ ਫੇਰਦਿਆਂ ਹੋਇਆਂ ਕਿਹਾ। 'ਪੁਤਰ! ਅਜ ਗਊਆਂ ਨਹੀਂ ਛਡੀਆਂ?' ਛਡੀਆਂ ਨੇ ਮਾਂ ਜੀ। ਹੁਣੇ ਹੀ ਦੁਧ-ਘਿਉ ਅਤੇ ਹਲਦੀ ਤੇਲ ਸਿੰਘਾਂ ਵਾਸਤੇ ਲੈਣ ਆਇਆ ਹਾਂ, ਜੋ ਜੰਗਲ ਦੀ ਜੂਹ ਵਿਚ ਆਏ ਹਨ।'

'ਪੁਤਰ, ਉਨ੍ਹਾਂ ਗੁਰੂ ਪਿਆਰਿਆਂ ਲਈ ਪਰਸ਼ਾਦੇ ਵੀ ਪਕਵਾ ਲੈ। ਇਹ ਜਨਮ ਤਾਂ ਹੀ ਸਫਲ ਹੈ, ਜੇ ਗੁਰੂ ਦੇ ਬਣਕੇ ਗੁਰਸਿੱਖਾਂ ਦੀ ਸੇਵਾ ਕੀਤੀ ਜਾਵੇ। ਮੇਰੀ ਕੁਖ ਤਾਂ ਹੀ ਸਫਲ ਹੈ, ਜੇ ਮੇਰਾ ਸਰਵਣ-ਪੁਤਰ ਸਤਿਗੁਰੂ ਦਾ ਹੁਕਮੀ ਬੰਦਾ ਬਣਿਆ ਰਹੇ ਅਤੇ ਗੁਰੂ ਪੰਥ ਤੋਂ ਕੁਰਬਾਨ ਹੋਣ ਵਾਲਿਆਂ ਦੀ ਸੇਵਾ ਕਰਦਾ ਰਹੇ। ਮਾਂ ਨੇ ਗਲ ਜਾਰੀ ਰਖਦਿਆਂ ਕਿਹਾ।

'ਖੁਸ਼ਹਾਲੇ ਦਾ ਮਨ ਬਦਲਿਆ ਹੈ ਕਿ ਨਹੀਂ?

'ਨਹੀਂ ਮਾਂ ਜੀ! ਮਨ ਦਾ ਖੋਟਾ ਬੰਦਾ ਹੈ ਜੇ ਇਹ ਨਾ ਹੁੰਦਾ ਤਾਂ ਪਿੰਡ ਪੂਹਲੇ ਵਿਚੋਂ ਕਈਆਂ ਨੇ ਅੰਮ੍ਰਿਤ ਪਾਨ ਕਰ ਲੈਣਾ ਸੀ।'

---

*ਖੰਡੇ ਦੀ ਪਾਹੁਲ ਛਕਾਉਣ ਸਮੇਂ ਪੰਜ ਪਿਆਰਿਆਂ ਰਾਹੀਂ ਹੋਣਾ ਪਾਵਨ ਅੰਮ੍ਰਿਤ ਸੰਚਾਰ ਦਾ ਸਭ ਤੋਂ ਸ੍ਰੇਸ਼ਟ ਮੁਖ ਅੰਗ ਹੈ। ਇਸ ਸੰਬੰਧ ਵਿਚ ਕੁਛ ਵਿਸਥਾਰ ਨਾਲ ਇਸ ਲਈ ਲਿਖਿਆ ਗਿਆ ਹੈ ਕਿਉਂਕਿ ਆਮ ਪੰਥਕ ਸੰਸਥਾਵਾਂ ਨਾਮ ਦ੍ਰਿੜਾਉਣ ਜਾਂ ਨਾਮ ਅਭਿਆਸ ਜੁਗਤੀ ਦਰਸਾਉਣ ਸਬੰਧੀ ਬੜੇ ਭੁਲੇਖੇ ਵਿਚ ਹਨ ਅਤੇ ਇਸ ਬਿਹੂਨ 'ਅੰਮ੍ਰਿਤ' ਛਕਾਉਣ ਦੀ ਅਕਾਲੀ ਮਰਯਾਦਾ ਅਪੂਰਨ ਹੋਣ ਕਰਕੇ ਸਤਿਗੁਰੂ ਜੀ ਦੀ ਪੂਰੀ ਕਲਾ ਨਹੀਂ ਵਰਤਦੀ ਜਿਸ ਦੇ ਸਿਟੇ ਵਜੋਂ ਇਸ ਲੇਖ ਦੇ ਅਰੰਭ ਵਿਚ ਦ੍ਰਿਸ਼ਟਾਏ ਨਿਹੰਗ ਸਿੰਘ ਵਰਗੇ ਗੁਰੂ ਕੇ ਲਾਡਲੇ ਲਾਲ ਆਨ ਮਤੀਂ ਕਚੇ ਪਿੱਲੇ ਗੁਰੂਆਂ ਦੇ ਢਾਹੇ ਚੜ੍ਹ ਜਾਂਦੇ ਹਨ।

——


www.AKJ.Org

'ਅਛਾ ਪੁਤਰ! ਤੇਰੀ ਮਾਂ ਇਕੋ ਗਲ ਆਖਦੀ ਹੈ ਕਿ ਸਿੱਖੀ ਪਿਆਰ ਨਾ ਛੱਡੀਂ, ਭਾਵੇਂ ਕੈਸੀ ਭੀੜ ਬਣੇ। ਜੰਮਣਾ-ਮਰਨਾ ਇਕ ਖੇਡ ਹੈ। ਸੇਵਾ, ਪ੍ਰੇਮ-ਚੰਗੇ ਕਰਮ ਹੀ ਜੀਵਨ-ਆਧਾਰ ਬਣਾਈ ਰਖੀਂ।

'ਅੱਛਾ ਮਾਂ ਜੀ! ਤੁਸਾਂ ਦੇ ਪਿਆਰ ਦਾ ਸਦਕਾ ਗੁਰਸਿੱਖੀ ਨਿਭੇਗੀ। ਗੁਰੂ ਜੀ ਆਪ ਬਲ ਬਖਸ਼ਣਗੇ।

ਮਾਂ ਦੀ ਅਸੀਸ ਲੈਕੇ ਭਾਈ ਤਾਰੂ ਸਿੰਘ ਜੀ ਦੁਧ-ਘਿਉ ਆਦਿ ਵਸਤਾਂ ਲੈਕੇ ਜੂਹ ਨੂੰ ਚਲੇ ਗਏ। ਨਾਲ ਹੀ ਚਾਚੀ ਜੀ ਨੂੰ ਕਹਿ ਗਏ ਕਿ ਪੱਚੀ ਕੁ ਸਿੰਘਾਂ ਲਈ ਪਰਸ਼ਾਦੇ ਤਿਆਰ ਕਰੋ।

ਚਾਚੀ ਰਾਜੋ ਦੀ ਛੋਟੀ ਧੀ ਵੀਰੋ ਤੰਦੂਰ ਵਿਚ ਸ਼ਿਟੀਆਂ ਪਾਉਣ ਲਗੀ। ਚਾਚੀ ਨੇ ਆਟਾ ਗੁੰਨ ਕੇ ਪੇੜੇ ਬਣਾਉਣੇ ਸ਼ੁਰੂ ਕੀਤੇ।

'ਬੀਬੀ! ਭਾ ਜੀ ਨੇ ਕਿਨ੍ਹਾਂ ਸਿੰਘਾਂ ਵਾਸਤੇ ਪ੍ਰਸ਼ਾਦੇ ਲਿਜਾਣੇ ਹਨ। ਉਹ ਇੱਥੇ ਸਾਡੇ ਘਰ ਕਿਉਂ ਨਹੀਂ ਆਉਂਦੇ।' ਮਾਸੂਮ ਬੱਚੀ ਨੇ ਬੀਬੀ ਤੋਂ ਪੁਛਿਆ। 'ਵੀਰ', ਰਾਜੋ ਨੇ ਦਸਿਆ। 'ਗੁਰੂ ਦੇ ਸਿੰਘਾਂ ਨੂੰ ਮੁਗਲਾਂ ਦੀ ਸਰਕਾਰ ਪਿੰਡਾਂ ਵਿਚ ਨਹੀਂ ਰਹਿਣ ਦਿੰਦੀ। ਤੇਰਾ ਭਾ ਦੁਧ, ਕਪੜੇ ਪਰਸ਼ਾਦਿਆਂ ਨਾਲ ਉਨ੍ਹਾਂ ਦੀ ਸੇਵਾ ਕਰਦਾ ਰਹਿੰਦਾ ਹੈ। ਇਹ ਤੇਰਾ ਵੀਰ ਬੜਾ ਭਲਾ ਲੋਕ ਤੇ ਭਜਨੀਕ ਹੈ, ਜਿਸ ਦੇ ਮਨ ਵਿਚ ਸਦਾ ਹੀ ਸੇਵਾ ਕਰਨ ਦਾ ਚਾਉ ਰਹਿੰਦਾ ਹੈ। ਏਸੇ ਸੇਵਾ-ਪ੍ਰੇਮ ਕਰਕੇ ਜੋ ਕੁਝ ਮੂੰਹੋਂ ਕਹਿੰਦਾ ਹੈ ਸੱਚ ਹੋ ਜਾਂਦਾ ਹੈ'।

ਭਾਈ ਤਾਰੂ ਸਿੰਘ ਜੰਗਲ ਦੀ ਜੂਹ ਵਿਚ ਪੁਜੇ। ਅਗੇ ਸ਼ਹੀਦੀ ਜੱਥਾ ਬੈਠਾ ਸੀ। ਪਿਆਰ ਸਤਿਕਾਰ ਨਾਲ ਸਾਰਿਆਂ ਨੇ ਫ਼ਤਹ ਬੁਲਾਈ। ਕਿੰਨਾ ਚਿ
ਸਿੰਘਾਂ ਨਾਲ ਗਲਵਕੜੀ ਪਾ ਕੇ ਭਾਈ ਸਾਹਿ
ਜੀ ਇਉਂ ਗੁਰੂ ਗੁਰੂ ਜਪਦੇ ਰਹੇ, ਜਿਵੇਂ ਇਕੋ
ਪਿਤਾ ਦੇ ਪੁੱਤਰ ਬੜੇ ਚਿਰਾਂ ਬਾਅਦ ਮਿਲੇ ਹੋਣ
ਜ਼ਖ਼ਮੀ ਸਿੰਘਾਂ ਨੂੰ ਦੁੱਧ ਪਿਲਾ ਕੇ ਭਾਈ ਸਾਹਿਬ
ਜ਼ਖ਼ਮਾਂ ਤੇ ਹਲਦੀ ਤੇਲ ਲਾਕੇ ਪੱਟੀਆਂ ਬੰਨ੍ਹਣ
ਲਗੇ। ਭਾਈ ਸਾਹਿਬ ਜੀ ਇਤਨੇ ਪ੍ਰੇਮ ਨਾਲ
ਸੇਵਾ ਕਰ ਰਹੇ ਸਨ ਕਿ ਜਥੇਦਾਰ ਜੀ ਦੇ ਮੂੰਹੋਂ
ਆਪ-ਮੁਹਾਰੇ ਨਿਕਲ ਗਿਆ:—

ਹਉ ਤਿਸਦੇ ਚਉਖੰਨੀਐ, ਪਰਉਪਕਾਰ ਕਰੇ ਰੰਗ ਮਾਣੇ॥
(ਵਾਰ ੧੨–ਪਉੜੀ ੫)

ਭਾਈ ਸਾਹਿਬ ਗੁਰਦਾਸ ਜੀ ਦੀਆਂ ਇਹ
ਲਾਈਨਾਂ ਸੁਣ ਕੇ ਹੋਰ ਸਿੰਘ ਵੀ ਧੰਨ ਸਤਿਗੁਰੂ
ਧੰਨ ਭਾਈ ਘਨ੍ਹਈਆ—ਧੰਨ ਪ੍ਰੇਮ! ਧੰਨ ਸੇਵਾ
ਧੰਨ ਚਾਉ! ਕਹਿਣ ਲਗੇ।

ਚਾਚੀ ਰਾਜੋ ਨੇ ਪਰਸ਼ਾਦਿਆਂ ਦੇ ਤਿੰਨ ਪੂਰ
ਲਾਹੇ ਚੋਪੜ ਕੇ ਰਖੀਆਂ ਹੀ ਸਨ ਕਿ ਭਾਈ
ਤਾਰੂ ਸਿੰਘ ਜੀ ਹੱਥ ਵਿਚ ਟੋਕਰੀ ਫੜੀ ਆ ਗਏ

'ਚਾਚਾ ਜੀ, ਹੋਏ ਪ੍ਰਸ਼ਾਦੇ ਤਿਆਰ।' ਭਾਈ ਸਾਹਿਬ ਨੇ ਪੁੱਛਿਆ।

'ਹੋ ਗਏ! ਨਾਲ ਅਚਾਰ, ਸ਼ਕਰ ਗੰਢਾ ਵੀ ਲੈ ਜਾਉ।'

ਚਾਚੀ ਰਾਜੋ ਨੇ ਬੜੀ ਕਾਹਲੀ ਨਾਲ ਸਭ ਕੁਝ ਟੋਕਰੀ ਵਿਚ ਰੱਖ ਦਿਤਾ। ਇਕ ਬਾਲਟੀ ਲੱਸੀ ਦੀ ਭਰ ਦਿਤੀ।

'ਗੁਰੂ ਭਲਾ ਕਰੇ' ਆਖ ਕੇ ਭਾਈ ਤਾਰੂ ਸਿੰਘ ਜੀ ਘਰੋਂ ਨਿਕਲੇ ਹੀ ਸਨ ਕਿ ਗਲੀ ਲੰਘਦਿਆਂ ਹੀ ਪਿੰਡ ਦਾ ਚੌਧਰੀ ਖੁਸ਼ਹਾਲਾ ਮਿਲ ਪਿਆ।

'ਓਏ ਤਾਰੂ! ਇਹ ਕੀ ਲਈ ਜਾਨਾ ਏਂ?'-


www.AKJ.org

# ਰਹਿਤ ਪਿਆਰੀ ਮੁਹਿ ਕੋ.........

( ਇਕ ਗੁਰਮਤਿ ਖੋਜੀ ਦੀ ਕਲਮ ਤੋਂ )

ਉਪਰਲਾ ਸਿਰਲੇਖ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਕੀਤਾ ਹੋਇਆ ਹੈ। ਪੂਰਾ ਹੁਕਮ ਇਉਂ ਹੈ—

ਰਹਿਤ ਪਿਆਰੀ ਮੁਹਿ ਕੋ, ਸਿਖ ਪਿਆਰਾ ਨਾਹਿ ॥

ਸ੍ਰੀ ਕਲਗੀਧਰ ਜੀ ਕਹਿ ਰਹੇ ਹਨ ਕਿ ਮੈਨੂੰ ਸਿੱਖ ਨਾਲੋਂ ਰਹਿਤ ਪਿਆਰੀ ਹੈ। ਇਕ ਹੋਰ ਥਾਂ ਵੀ ਇਸੇ ਭਾਵ ਦੇ ਹੁਕਮ ਕਹੇ ਹਨ:—

ਰਹਿਣੀ ਰਹੇ ਸੋਈ ਸਿੱਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥

ਉਪਰੋਕਤ ਗੁਰਵਾਕਾਂ ਤੋਂ ਅਸਾਂ ਸੋਚਣਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਹਿਤ ਨੂੰ ਏਨੀ ਮਹਾਨਤਾ ਕਿਉਂ ਦਿਤੀ ਹੈ।

ਪੱਛਮੀ ਸਭਿਅਤਾ ਦੇ ਅਸਰ ਕਰਕੇ ਅਤੇ ਧਰਮ ਪਰਚਾਰ ਵਿਚ ਮਨੋਵਿਗਿਆਨਕ ਢੰਗਾਂ ਦੀ ਘਾਟ ਕਰਕੇ ਅਜ ਕਲ ਦੇ ਪੜ੍ਹੇ ਲਿਖੇ ਨੌਜਵਾਨ ਆਮ ਕਹਿੰਦੇ ਸੁਣੀਏ ਹਨ ਕਿ ਅੰਮ੍ਰਿਤ ਛਕਣ ਅਤੇ ਰਹਿਤ ਰਖਣ ਦੀ ਕੀ ਲੋੜ ਹੈ। ਅੰਦਰੋਂ ਪ੍ਰੇਮ ਚਾਹੀਦਾ ਹੈ, ਮਨ ਸਾਫ ਚਾਹੀਦਾ ਹੈ। ਬਾਹਰਲੀ ਰਹਿਤ ਤਾਂ ਨਿਰਾ ਦਿਖਾਵਾ ਹੈ।

---

†ਉਸ ਨੇ ਬੜੇ ਰੋਹਬ ਨਾਲ ਪੁਛਿਆ।

'ਪਰਸ਼ਾਦੇ ਹਨ ਸਿੰਘਾਂ ਵਾਸਤੇ' ਭਾਈ ਸਾਹਿਬ ਨੇ ਆਪਣੇ ਸੁਭਾ ਅਨੁਸਾਰ ਸੱਚ ਬੋਲਿਆ।

'ਪਰ ਤੈਨੂੰ ਪਤਾ ਨਹੀਂ। ਅਜੇ ਪਰਸੋਂ ਹੀ ਸਰਕਾਰੀ ਢੋਲ ਵਜਿਆ ਹੈ ਕਿ ਸਿਘ ਬਾਗੀ ਹਨ, ਕੋਈ ਰੋਟੀ ਪਾਣੀ ਜਾਂ ਆਸਰਾ ਨਾ ਦੇਵੇ। ਸਿੰਘਾਂ ਨਾਲ ਮੇਲ ਮਿਲਾਪ ਰਖਣ ਵਾਲਿਆਂ ਨੂੰ ਸਰਕਾਰ ਫੜਕੇ ਡੰਡ ਦੇਵੇਗੀ।' ਚੌਧਰੀ ਨੇ ਤਾੜਨਾ ਕੀਤੀ।

'ਚਾਚਾ, ਢੋਲ ਵਜਦੇ ਹੀ ਰਹਿਣੇ ਹਨ ਅਤੇ ਸਤਿਗੁਰੂ ਦੇ ਸਿੰਘਾਂ ਨੇ ਗਜਦੇ ਹੀ ਰਹਿਣਾ ਹੈ।' ਮੈਂ ਤਾਂ ਭੁਖਿਆਂ ਦੀ, ਲੋੜਵੰਦਾਂ ਦੀ, ਸੇਵਾ ਕਰਕੇ ਸਤਿਗੁਰੂ ਦਾ ਹੁਕਮ ਪਾਲ ਰਿਹਾ ਹਾਂ। ਸੇਵਕ ਹਾਂ, ਏਸੇ ਲਈ...... ਸੇਵਕ ਕਉ ਸੇਵਾ ਬਨ ਆਈ ॥

(ਸੁਖਮਨੀ ਸਾਹਿਬ)

'ਪਰ ਤਾਰੂ ! ਮੈਂ ਤੈਨੂੰ ਕਈ ਵਾਰੀ ਇਸ ਕੰਮ ਤੋਂ ਵਰਜਿਆ ਹੈ। ਪਰ ਤੂੰ ਆਪਣਾ ਹੀ ਗਿਆਨ ਝਾੜਨ ਲਗ ਜਾਨਾ ਏ। ਯਾਦ ਰਖ ! ਇਹ ਸੇਵਾ, ਇਹ ਪ੍ਰੇਮ ਤੈਨੂੰ ਮਹਿੰਗਾ ਪਵੇਗਾ।

'ਮਹਿੰਗਾ-ਸਸਤਾ ਤਾਂ ਸਤਿਗੁਰੂ ਆਪ ਹੀ ਜਾਣਦਾ ਹੈ ਤੇ ਆਪ ਹੀ ਉਸ ਨੇ ਇਹ ਚਾਉ ਤੇ ਪ੍ਰੇਮ ਵਾਲੀ ਖੇਡ ਨੂੰ ਸਿਰੇ ਚਾੜ੍ਹਨਾ ਹੈ।'

ਇਹ ਆਖ ਕੇ ਭਾਈ ਤਾਰੂ ਸਿੰਘ ਜੀ ਬੜੀ ਜ਼ਿੰਦਾ-ਦਿਲੀ ਨਾਲ ਅੱਗੇ ਚਲੇ ਗਏ।

(ਬਾਕੀ ਫਿਰ)


www.AKJ.Org

ਅਜਿਹੀ ਸੋਚਣੀ ਵਾਲੇ ਨੌਜਵਾਨਾਂ ਨੂੰ ਇਹ ਦਸਣ ਦੀ ਲੋੜ ਹੈ ਕਿ ਰਹਿਤ ਰਖਣ ਦੇ ਕੀ ਲਾਭ ਹਨ।

ਸਿੱਖ ਧਰਮ ਵਿਚ ਦੋ ਤਰ੍ਹਾਂ ਦੀ ਰਹਿਤ ਹੈ। ਰਹਿਤ ਦਾ ਸ਼ਬਦੀ ਅਰਥ ਆਪਣੇ ਆਪ ਨੂੰ ਕਿਸੇ ਰੱਖ ਜਾਂ ਨਿਯਮ ਵਿਚ ਰਖਣਾ ਹੈ। ਅੰਮ੍ਰਿਤ-ਛਕਣ ਵੇਲੇ ਦੋ ਤਰ੍ਹਾਂ ਦੀ ਰਹਿਤ ਦ੍ਰਿੜਾਈ ਜਾਂਦੀ ਹੈ। ਇਕ ਅੰਦਰਲੀ ਰਹਿਤ, ਅਤੇ ਇਕ ਬਾਹਰਲੀ ਰਹਿਤ। ਬਜਰ ਕੁਰਹਿਤਾਂ ਨੂੰ ਅਸੀਂ ਅੰਦਰਲੀ ਰਹਿਤ ਕਹਿ ਸਕਦੇ ਹਾਂ, ਜਿਨ੍ਹਾਂ ਦੀ ਅਵਗਿਆ ਨਾਲ ਅਸੀਂ ਪਤਿਤ ਹੋ ਜਾਂਦੇ ਹਾਂ। ਪਰ ਇਸਤ੍ਰੀ ਜਾਂ ਪਰ ਪੁਰਸ਼ ਦਾ ਕੁਸੰਗ ਕਰਨਾਂ; ਹੁਕਾ ਤਮਾਕੂ, ਮਾਸ ਤੇ ਹੋਰ ਨਸ਼ੀਲੀਆਂ ਚੀਜ਼ਾਂ ਵਰਤਣਾ; ਕੇਸਾਂ (ਸਰੀਰ ਦੇ ਰੋਮ) ਦੀ ਕਟ ਕੇ ਜਾਂ ਝਾੜ ਕੇ ਬੇਅਦਬੀ ਕਰਨਾਂ; ਗੁਰਸਿੱਖਾਂ ਤੋਂ ਬਿਨਾਂ ਹੋਰ ਕੱਚੇ ਪਿੱਲਿਆਂ ਨਾਲ ਰੋਟੀ-ਬੇਟੀ ਦੀ ਸਾਂਝ ਰਖਣਾ, ਇਹ ਅੰਦਰਲੀਆਂ ਰਹਿਤਾਂ ਹਨ। ਬਾਹਰਲੀਆਂ ਰਹਿਤਾਂ ਸਾਡੀ ਸਰੀਰਕ ਲੋੜ ਅਨੁਸਾਰ ਹਨ। ਇਕ ਸਾਧਾਰਨ ਸਿਖ ਲਈ ਇਹ ਬਾਹਰਲੀਆਂ ਰਹਿਤਾਂ ਇਕ ਤਰਾਂ ਦੀ ਵਾੜ ਹਨ—ਜੋ ਉਸ ਨੂੰ ਅੰਦਰਲੀਆਂ ਰਹਿਤਾਂ ਰਖਣ ਲਈ ਪਰੇਰਦੀਆਂ ਹਨ ਜਿਵੇਂ ਇਕ ਸਾਧਾਰਨ ਇਸਤਰੀ ਲਈ ਸਮਾਜ ਵਿਚ ਵਿਚਰਨ ਲਈ ਉਸ ਦਾ ਪਤੀ ਉਸ ਦਾ ਰਖਵਾਲਾ ਹੈ—ਇਸੇਤਰਾਂ ਬਾਹਰਲੀਆਂ ਰਹਿਤਾਂ, ਇਕ ਸਿਖ ਨੂੰ ਮਨ ਬਚਨ ਕਰਮ ਕਰਕੇ ਗੁਰੂ ਦਾ ਬਣਾਈ ਰਖਣ ਲਈ ਵਾੜ ਦਾ ਕੰਮ ਦੇਂਦੀਆਂ ਹਨ।

ਜੇ ਡੂੰਘੀ ਤੇ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਸੋਚਿਆ ਜਾਵੇ, ਤਾਂ ਪਤਾ ਲਗੇਗਾ ਕਿ ਬਾਹਰਲੀਆਂ ਤੇ ਅੰਦਰਲੀਆਂ ਰਹਿਤਾਂ ਦ੍ਰਿੜ ਕਰਾਉਣ ਵਿਚ ਗੁਰੂ ਦਸਮੇਸ਼ ਪਿਤਾ ਜੀ ਦੀ ਕਿੰਨੀ ਡੂੰਘੀ ਤੇ ਸਰਬ-ਸੰਸਾਰ ਕਲਿਆਣਕਾਰੀ ਸਿਆਣਪ ਕੰਮ ਕਰਦੀ ਹੈ।

ਪਹਿਲੀ ਗਲ—ਇਸ ਸੰਸਾਰ ਵਿਚ ਮੁਢ ਤੋਂ ਹੀ ਸੱਚੇ ਧਰਮੀ ਜੀਊੜੇ ਥੋੜੀ ਗਿਣਤੀ ਵਿਚ ਰਹੇ ਹਨ। ਅਧਰਮੀ ਤੇ ਪਖੰਡੀ ਬਹੁਤੀ ਗਿਣਤੀ ਵਿਚ ਰਹੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਅਧਰਮੀ, ਥੋੜੇ ਧਰਮੀਆਂ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਸ੍ਰੀ ਦਸਮੇਸ਼ ਜੀ ਨੇ ਆਪਣੇ ਖਾਲਸੇ ਨੂੰ ਬਾਹਰਲੀ ਰਹਿਤ ਦੀ ਅਜਿਹੀ ਵਰਦੀ ਦਿਤੀ, ਕਿ ਉਹ ਲੱਖਾਂ ਵਿਚ ਪਛਾਣਿਆ ਜਾਵੇ। ਇਸ ਰਹਿਤ ਕਰਕੇ ਹੀ ਸਿਖ ਧਰਮ ਮਿਲਗੋਭਾ ਹੋਣ ਤੋਂ ਬੱਚ ਰਿਹਾ ਹੈ।

ਦੂਸਰੀ ਗਲ—ਸ੍ਰੀ ਦਸਮੇਸ਼ ਜੀ ਨੇ ਆਪਣੇ ਖਾਲਸੇ ਨੂੰ ਹਰ ਪਾਸਿਓਂ ਪੂਰਨ ਬਣਾਇਆ ਹੈ। ਗੁਰਬਾਣੀ ਦਾ ਖੋਜੀ ਹੋਣ ਕਰਕੇ ਅਤੇ ਸੰਸਾਰਕ ਵਿਦਿਆ ਤੋਂ ਜਾਣੂੰ ਹੋਣ ਕਰਕੇ ਇਕ ਸਿਖ ਬ੍ਰਾਹਮਣ ਹੈ,ਸ਼ਸ਼ਤ੍ਰਧਾਰੀ ਹੋਣ ਕਰਕੇ ਇਹ ਕਸ਼ਤਰੀ ਹੈ। ਏਕਾ ਨਾਰੀ ਜੱਤੀ ਅਤੇ ਧਰਮ ਦੀ ਕਮਾਈ ਕਰਕੇ ਗ੍ਰਿਸਤੀ ਫ਼ਰਜ਼ ਪੂਰੇ ਕਰਨ ਕਰਕੇ ਇਕ ਸਿਖ ਆਦਰਸ਼ਕ ਵੈਸ਼ ਹੈ। ਸਰਬ ਲੋਹੀ ਕੜੇ ਦੀ ਰਹਿਤ ਕਰਕੇ, ਇਹ ਗੁਰੂ ਦਾ ਹੱਥ-ਬੱਧਾ ਗੁਲਾਮ ਹੈ, ਜੋ ਸਦਾ ਸ਼ੁਭ-ਕਰਮ ਕਰਦਾ ਹੈ। ਲੋਕ ਸੇਵਾ ਦੇ ਜਜ਼ਬੇ ਕਰਕੇ ਸਚਾ ਸ਼ੂਦਰ ਹੈ। ਇਹ ਸਾਰੀਆਂ ਸਿਫ਼ਤਾਂ ਅੰਦਰਲੀ ਤੇ ਬਾਹਰਲੀ ਰਹਿਤ ਰਖਣ ਕਰਕੇ ਹੀ, ਇਕ ਗੁਰੂ ਦੇ ਸਿਖ ਵਿਚ ਆ


www.AKJ.Org

ਸਕਦੀਆਂ ਹਨ ।

ਤੀਸਰੀ ਗੱਲ—ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਮਨੁਖੀ ਮਨ ਚੰਗਿਆਈ ਨਾਲੋਂ ਬੁਰਾਈ ਕਰਨ ਲਈ ਛੇਤੀ ਤਿਆਰ ਹੁੰਦਾ ਹੈ। ਇਸ ਚੰਚਲ ਤੇ ਮੂਰਖ ਮਨ ਨੂੰ ਕੁਰਹਿਤਾਂ ਤੋਂ ਬਚਾਉਣ ਲਈ ਸਾਡੇ ਪੂਰੇ ਗੁਰੂ ਨੇ ਬਾਹਰਲੀਆਂ ਰਹਿਤਾਂ ਦੀ ਵਾੜ ਆਪਣੇ ਸਿਖਾਂ ਦੁਆਲੇ ਲਾ ਦਿਤੀ ਹੈ।

ਚੋਥੀ ਗੱਲ—ਗੁਰੂ ਦਾ ਰਹਿਤਵਾਨ ਸਿਖ, ਸੰਸਾਰ ਲਈ ਇਕ ਨਮੂਨੇ ਦਾ ਮਨੁੱਖ ਹੈ। ਪਿਆਰੇ ਗੁਰੂ ਨੇ ਆਪਣੇ ਸਿਖ ਨੂੰ ਹਰ ਪਾਸਿਉਂ ਪੂਰਨ ਬਣਾਇਆ ਹੈ। ਜਿਥੇ ਇਕ ਰਹਿਤਵਾਨ ਸਿਖ ਪਿਆਰ ਤੇ ਅਮਨ ਦਾ ਸੋਮਾ ਹੈ, ਧਰਮ ਨਿਆਏ, ਸਚਾਈ ਦਾ ਸੰਦੇਸ਼ਕ ਹੈ, ਉਥੇ ਨਾਲ ਹੀ ਜ਼ਾਲਮਾਂ ਤੇ ਪਾਪੀਆਂ ਦਾ ਸੋਧਕ ਵੀ ਹੈ।

ਪੰਜਵੀਂ ਗੱਲ—ਇਸ ਅੰਦਰਲੀ ਬਾਹਰਲੀ ਰਹਿਤ ਦੀ ਰੱਖ ਨਾਲ, ਗੁਰੂ ਦਾ ਸਿਖ ਸਭ ਦੁਨੀਆਂ ਤੋਂ ਨਿਆਰਾ ਹੈ। ਗੁਰੂ ਜੀ ਦਾ ਕਥਨ ਹੈ :—

ਜਬ ਲਗ ਰਹੇ ਖਾਲਸਾ ਨਿਆਰਾ ॥
ਤਬ ਲਗ ਤੇਜ ਦੀਓ ਮੈਂ ਸਾਰਾ ॥

ਇਉਂ ਗੁਰੂ ਦੀ ਰਹਿਤ-ਬਹਿਤ ਨਾਲ ਗੁਰੂ ਦਾ ਸਿਖ, ਦੂਸਰੇ ਲੋਕਾਂ ਉਤੇ ਉਚੇਰਾ ਤੇ ਸੁਚੇਰਾ ਪ੍ਰਭਾਵ ਪਾਉਂਦਾ ਹੈ, ਕਿਉਂਕਿ ਉਸ ਵਿਚ ਗੁਰੂ ਦਾ ਤੇਜ ਹੈ।

ਉਪਰੋਕਤ ਵਿਚਾਰ ਤੋਂ ਜੇ ਅਸੀਂ ਸੋਚ ਲਈਏ, ਕਿ ਅੰਮ੍ਰਿਤ ਦੀ ਕੀ ਮਹਾਨਤਾ ਹੈ, ਅੰਦਰਲੀਆਂ ਬਾਹਰਲੀਆਂ ਰਹਿਤਾਂ ਜੀਵਨ ਲਈ ਕਿਉਂ ਜ਼ਰੂਰੀ ਹਨ ਅਤੇ ਇਹ ਸਭ ਕੁਝ ਅਮਲੀ ਜੀਵਨ ਵਿਚ ਲੈ ਆਈਏ ਤਾਂ ਅਸੀਂ ਹੀ—ਪੂਰੇ ਬ੍ਰਹਮਣ ਹਾਂ, ਸੂਰਮੇ ਸਿੰਘ ਹਾਂ, ਉਦਮੀ ਕਿਰਤੀ ਹਾਂ, ਪਰਉਪਕਾਰੀ ਸੇਵਾਦਾਰ ਹਾਂ, ਸਦ-ਵਿਗਾਰੀ ਭਗਤ ਹਾਂ, ਵਡਭਾਗੀ ਸੰਤ ਹਾਂ, ਗੁਰੂ ਦੇ ਖਾਲਸਾ—ਖਾਲਸ ਜਨ ਹਾਂ।

---

## ਖ਼ੁਸ਼ਖ਼ਬਰੀ !

'ਅੰਮ੍ਰਿਤ ਵੇਲਾ' ਕ੍ਰਿਤ ਡਾ. ਤੇਜਿੰਦਰ ਸਿੰਘ ਜੀ ਭੂਪਾਲ, ਅਜ ਕਲ ਇਸ ਪੱਤਰ ਵਿਚ ਕਿਸ਼ਤਵਾਰ ਛਪ ਰਿਹਾ ਹੈ। ਸੰਗਤਾਂ ਨੇ ਇਸ ਨੂੰ ਬੜਾ ਸਲਾਹਿਆ ਹੈ। ਸਾਡੇ ਪਾਸ ਕਈ ਥਾਵਾਂ ਤੋਂ ਚਿਠੀਆਂ ਆਈਆਂ ਹਨ ਕਿ 'ਅੰਮ੍ਰਿਤ ਵੇਲਾ' ਟਰੈਕਟ ਦੀ ਸ਼ਕਲ ਵਿਚ ਛਾਪਕੇ ਸੰਗਤਾਂ ਵਿਚ ਵੰਡਿਆ ਜਾਏ।

ਜਦ ਅਸੀਂ ਲੇਖਕ ਜੀ ਨੂੰ ਬੇਨਤੀ ਕੀਤੀ ਤਾਂ ਆਪ ਨੇ ਪਰਵਾਨਗੀ ਦੇ ਦਿਤੀ। ਅਸੀਂ ਸੰਗਤਾਂ ਦੇ ਉਤਸ਼ਾਹ ਨੂੰ ਮੁਖ ਰਖਦਿਆਂ ਉਦਮ ਕਰ ਰਹੇ ਹਾਂ ਕਿ ਇਹ ਟਰੈਕਟ ਛੇਤੀ ਹੀ ਛਾਪ ਦੇਈਏ। ਇਸ ਲਈ ਜਿਨ੍ਹਾਂ ਪ੍ਰੇਮੀਆਂ ਨੇ ਆਰਡਰ ਦੇਣ ਹੋਣ ਉਹ ਤੁਰੰਤ ਹੀ ਲਿਖ ਭੇਜਣ। ਮੂਲ 75 ਪੈਸੇ ਰਖਿਆ ਗਿਆ ਹੈ, ਕਾਗਜ਼ ਵਧੀਆ ਤੇ ਸੁੰਦਰ ਛਪਾਈ ਦਾ ਖ਼ਾਸ ਪ੍ਰਬੰਧ ਕੀਤਾ ਜਾ ਰਿਹਾ ਹੈ।

ਲੇਖਕ ਜੀ ਦੀ ਹਦਾਇਤ ਅਨੁਸਾਰ ਕੀਮਤ ਵਿਚ ਖ਼ਾਸ ਰਿਆਇਤ ਕੀਤੀ ਗਈ ਹੈ। ਮੂਲ ਕੇਵਲ 50 ਪੈਸੇ ਕਾਪੀ ਜਾਂ 50 ਰੁਪੈ ਸੈਂਕੜਾ ਹੋਵੇਗਾ :—

(੧) ਜੇ ਕੋਈ ਸਭਾ ਸੋਸਾਇਟੀਆਂ ਸੰਗਤ ਵਿਚ ਮੁਫ਼ਤ ਵੰਡਣ ਹਿਤ ਆਰਡਰ ਦੇਣ।
(੨) ਵਿਦਿਆਰਥੀਆਂ ਲਈ, ਲਾਇਬਰੇਰੀਆਂ ਲਈ, ਸਕੂਲਾਂ ਕਾਲਜਾਂ ਲਈ।
(੩) ਜੇ ਕੋਈ ਭਾਰਤ ਤੋਂ ਬਾਹਰ ਦੇਸਾਂ ਵਿਚ ਇਸ ਪੁਸਤਕ ਨੂੰ ਪ੍ਰਚਾਰ ਲਈ ਵੰਡਣਾ ਚਾਹੇ।

ਕਿਰਪਾ ਕਰਕੇ ਆਰਡਰ ਨਾਲ 50% ਰਕਮ ਵੀ ਘਲੋ ਤਾਂਕਿ ਇਹ ਕਾਰਜ ਮਾਇਕ ਥੁੜ ਕਾਰਨ ਸਿਰੇ ਚੜ੍ਹਨੋਂ ਨਾ ਰਹਿ ਜਾਏ।

(ਐਡੀਟਰ, ਸੂਰਾ)


www.AKJ.org

# ਜੋ ਬਾਬੇ ਕੇ ਦਾਮ ਨਾ ਦੈਹੈਂ ।
# ਤਿਨ ਕੇ ਗਹਿ ਬਾਬਰ ਕੇ ਲੈਹੈਂ ।

( ਭਾਈ ਗਿਆਨ ਸਿੰਘ ਜੀ ਪਟਿਆਲਾ )

ਬਚਿਤ੍ਰ ਨਾਟਕ ਦੇ ਤੇਰ੍ਹਵੇਂ ਅਧਿਆਏ ਦੀ ਦਸਵੀਂ ਚੌਪਈ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਪਰ ਲਿਖੀ ਤੁਕ ਉਚਾਰੀ ਹੈ। ਕਈ ਲੈਕਚਰਾਰਾਂ ਤੇ ਕਥਾਵਾਚਕਾਂ ਨੂੰ ਇਉਂ ਕਹਿੰਦੇ ਸੁਣਿਆ ਗਿਆ ਹੈ ਗੁਰੂ ਸਾਹਿਬ ਦਾ ਉਪਰੋਕਤ ਹੁਕਮ ਸਿਖਾਂ ਲਈ ਹੈ, ਕਿ ਜੋ ਸਿਖ ਦਸਵੰਧ ਨਹੀਂ ਕਢਦੇ ਉਨ੍ਹਾਂ ਤੋਂ ਦਸਵੰਧ ਦੀ ਮਾਇਆ ਜਰਵਾਣੇ ਕਿਸੇ ਨਾ ਕਿਸੇ ਤਰ੍ਹਾਂ ਖੋਹ ਲੈਣਗੇ—ਜਾਂ ਬੀਮਾਰੀ ਦੇ ਰੂਪ ਵਿੱਚ ਦੁਆਈਆਂ ਵਜੋਂ ਤੇ ਜਾਂ ਕਿਸੇ ਹੋਰ ਸੰਸਾਰੀ ਦੁਖ (ਮੁਸੀਬਤ) ਕਾਰਨ। ਸਿਖ ਲਈ ਆਪਣੀ ਕਿਰਤ ਕਮਾਈ ਦਾ ਦਸਵਾਂ ਹਿਸਾ ਧਰਮ ਕਾਰਜਾਂ ਲਈ ਜਾਂ ਗੁਰੂ ਪੰਥ ਦੀ ਸੇਵਾ ਲਈ ਖਰਚ ਕਰਨਾ ਗੁਰੂ ਦਾ ਹੁਕਮ ਹੈ, ਤੇ ਉਹ ਕਮਾਈ ਤਾਂ ਹੀ ਸਫਲ ਹੈ ਜੇ ਇਸ ਪਵਿਤਰ ਹੁਕਮ ਦੀ ਪਾਲਣਾ ਕੀਤੀ ਜਾਏ ਪਰ ਜੇ ਕਰ ਬਚਿਤ੍ਰ ਨਾਟਕ ਦੇ ਤੇਰ੍ਹਵੇਂ ਅਧਿਆਏ ਨੂੰ ਘੋਖਕੇ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਇਹ ਤੁਕ ਗੁਰੂ ਸਾਹਿਬ ਨੇ ਸਿਖਾਂ ਲਈ ਨਹੀਂ ਸਗੋਂ ਮਸੰਦਾਂ ਲਈ ਵਰਤੀ ਹੈ, ਜਿਨ੍ਹਾਂ ਨੇ ਗੁਰੂ ਕੇ ਪਿਆਰੇ ਸਿਖਾਂ ਦੀਆਂ ਸ਼ਰਧਾ ਭਰਪੂਰ ਭੇਟਾਂਵਾਂ ਗੁਰੂ ਦਰਬਾਰ ਵਿਚ ਅਰਪਨ ਨਹੀਂ ਕੀਤੀਆਂ ਸਗੋਂ ਆਪਣੀ ਨਿਜੀ ਵਰਤੋਂ ਵਿਚ ਲੈ ਆਂਦੀਆਂ ਸਨ ਜਾਂ ਦੱਬੇ ਮਾਰ ਗਏ ਸਨ।

ਮਸੰਦ ਜਾਂ ਮਸਨਦ ਫਾਰਸੀ ਭਾਸ਼ਾ ਦਾ ਇਕ ਅਖਰ ਹੈ ਜਿਸ ਦਾ ਅਰਥ ਹੈ 'ਉਚੇ ਅਸਥਾਨ ਵਾਲਾ', ਗੁਰੂ ਅਮਰਦਾਸ ਜੀ ਨੇ ਸਿਖੀ ਪ੍ਰਚਾਰ ਹਿਤ ਬਾਈ ਮੰਜੀਆਂ ਸਥਾਪਨ ਕੀਤੀਆਂ। ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰਾ (ਸ਼ਹਿਰ ਤੇ ਸਰੋਵਰ) ਦੀ ਤਿਆਰੀ ਲਈ ਉਥੇ ਵਸਣ ਆਏ ਗੁਰੂ ਪਿਆਰੇ ਸਿਖਾਂ ਨੂੰ ਜ਼ਰੂਰੀ ਜ਼ਰੂਰੀ ਸਹੂਲਤਾਂ ਪੁਚਾਉਣ ਲਈ ਮਾਇਆ ਦੀ ਲੋੜ ਮਹਿਸੂਸ ਕੀਤੀ, ਉਨ੍ਹਾਂ ਇਸ ਕਾਰਜ ਲਈ ਕੁਝ ਭਰੋਸੇ ਯੋਗ ਤੇ ਈਮਾਨਦਾਰ ਸਿਖਾਂ ਨੂੰ ਦੇਸ਼ ਦੇ ਵਖ ਵਖ ਹਿਸਿਆਂ ਵਿੱਚ ਭੇਜਿਆ, ਇਹ ਸਜਣ ਗੁਰੂ ਸਾਹਿਬ ਦੇ ਪ੍ਰਤੀਨਿਧ ਹੋਣ ਕਰਕੇ ਸਿਖਾਂ ਵਿੱਚ ਬਹੁਤ ਸਤਕਾਰੇ ਜਾਂਦੇ ਸਨ ਤੇ ਸਿਖ ਇਨਾਂ ਨੂੰ ਉਚੇ ਅਸਥਾਨ ਤੇ ਬਠਾਉਂਦੇ ਸਨ। ਇਨ੍ਹਾਂ ਨੂੰ 'ਗੁਰੂ ਕੇ' ਭੀ ਕਿਹਾ ਜਾਂਦਾ ਸੀ। ਆਵਾਜਾਈ ਦੇ ਸਾਧਨ ਘਟ ਤੇ ਸੁਰਖਿਅਤ ਨਾ ਹੋਣ ਕਰਕੇ ਦੂਰ ਰਹਿੰਦੇ ਸਿਖ ਆਪਣੀਆਂ ਭੇਟਾਵਾਂ ਮਸੰਦਾਂ ਰਾਹੀਂ ਗੁਰੂ


www.AKJ.org

ਾਹਿਬ ਨੂੰ ਭੇਜ ਦਿਆ ਕਰਦੇ ਸਨ। ਇਸ ਮਸੰਦ ਪ੍ਰਥਾ ਨਾਲ ਦੋ ਲਾਭ ਹੋਏ। ਇਕ ਤਾਂ ਸਿਖੀ ਦਾ ਪ੍ਰਚਾਰ ਇਨਾਂ ਮਸੰਦਾਂ ਨੇ ਆਪਣੇ ਆਪਣੇ ਇਲਾਕੇ ਵਿਚ ਕੀਤਾ ਤੇ ਦੂਜੇ ਲੋਕ ਭਲਾਈ ਦੇ ਕੰਮਾਂ ਲਈ ਮਾਇਆ ਦਾ ਇਕ ਬਾਕਾਇਦਾ ਪ੍ਰਵਾਹ ਚਲਾ ਦਿਤਾ। ਜੋ ਕੁਝ ਭੀ ਕੋਈ ਸਿਖ ਭੇਟਾ ਕਰਦਾ ਇਹ ਮਸੰਦ ਬੜੀ ਈਮਾਨਦਾਰੀ ਨਾਲ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਕਰਦ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਤਾਂ ਹੋਰ ਭੀ ਸੁਧਾਰ ਹੋਇਆ। ਮਸੰਦ ਵਸਾਖੀ ਤੇ ਦੀਵਾਲੀ ਨੂੰ ਇਕਤਰ ਹੋਈ ਹੋਈ ਮਾਇਆ ਤੇ ਹੋਰ ਨਜ਼ਰਾਨੇ ਗੁਰੂ ਘਰ ਵਿਚ ਪੇਸ਼ ਕਰਕੇ ਰਸੀਦਾਂ ਪ੍ਰਾਪਤ ਕਰਦੇ ਭੇਟਾ ਭਾਵੇਂ ਕਿਨੀ ਛੋਟੀ ਭੀ ਕਿਉਂ ਨਾ ਹੋਵੇ ਇਸ ਦਾ ਪੂਰਾ ਪੂਰਾ ਸਤਿਕਾਰ ਹੁੰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਇਕ ਸੁਰਗਵਾਸੀ ਸਿਖ ਭਾਈ ਗੁਰਮੁਖ ਦੇ ਜਵਾਨ ਲੜਕੇ ਪਾਸ ਘਰ ਘਾਟ ਕੁਝ ਨਾ ਰਿਹਾ। ਉਸ ਪਾਸ ਕੇਵਲ ਇਕ ਕੌਡੀ ਸੀ। ਉਸ ਜਵਾਨ ਨੇ ਉਹ ਕੌਡੀ ਇਕ ਮਸੰਦ ਦੇ ਹਥੀਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸ਼ਰਧਾ ਨਾਲ ਅਰਪਨ ਕੀਤੀ। ਮੈਕਾਲਫ ਲਿਖਦਾ ਹੈ ਕਿ ਉਸ ਕੌਡੀ ਦੀ ਭੀ ਬਾਕਾਇਦਾ ਅਰਦਾਸੀਏ ਸਿੰਘ ਨੇ ਦਰਬਾਰ ਵਿਚ ਅਰਦਾਸ ਕੀਤੀ। ਗੁਰੂ ਜੀ ਨੇ ਅਸ਼ੀਰਵਾਦ ਦਿਤੀ ਤੇ ਫਰਮਾਇਆ ਕਿ ਉਸ ਗੁਰੂ ਕੇ ਸਿਖ ਨੇ ਇਸ ਸ਼ਰਧਾ ਭਰਪੂਰ ਭੇਟਾ ਬਦਲੇ ਅਕਾਲ ਪੁਰਖ ਤੋਂ ਹਜ਼ਾਰਾਂ ਗੁਣਾਂ ਧਨ ਪ੍ਰਾਪਤ ਕੀਤਾ ਹੈ ਤੇ ਉਹ ਹੁਣੇ ਹੀ ਦਰਬਾਰ ਵਿਚ ਹਾਜ਼ਰੀ ਭਰਕੇ ਸੰਗਤ ਨੂੰ ਦਰਸ਼ਨ ਦੇਵੇਗਾ। ਗੁਰੂ ਸਾਹਿਬ ਘਟ ਘਟ ਦੀ ਜਾਨਣਹਾਰ ਆਪਣੇ ਮੁਖਾਰਬਿੰਦ ਤੋਂ ਇਹ ਉਚਰ ਹੀ ਰਹੇ ਸਨ ਕਿ ਪਲੋ ਪਲੀ ਵਿੱਚ ਉਹ ਸਿਖ ਇਕ ਪਠਾਣ ਦਾ ਬਹੁਮੁਲਾ ਸਾਮਾਨ, ਘੋੜਾ ਤੇ ਸੋਨੇ ਦੇ ਸਿੱਕੇ ਲੈਕੇ ਆ ਗਿਆ ਉਸ ਨੇ ਸਿਰ ਨਵਾ ਕੇ ਜੋਦੜੀ ਕੀਤੀ ਕਿ ਇਹ ਸਭ ਕੁਝ ਆਪ ਜੀ ਦੀ ਹੀ ਦੇਣ ਹੈ। ਭਾਈ ਗੁਰਦਾਸ ਜੀ ਨੇ ਆਪਣੇ ਇਕ ਕਬਿਤ ਵਿਚ ਇਸ ਸ਼ਰਧਾ ਦੀ ਭੇਟ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ:—

"ਭਾਵਨੀ ਭਗਤਿ ਭਾਇ ਕੌਡੀ ਅਗਰ ਭਾਗ ਰਾਖੈ,
ਤਾਹਿ ਗੁਰੂ ਸਰਬ ਨਧਾਨ ਦਾਤ ਦੇਤ ਹੈ।"

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮਾਇਆ ਦੀ ਬਜਾਏ ਸ਼ਸਤਰ ਤੇ ਸੋਹਣੇ ਸੋਹਣੇ ਘੋੜੇ ਇਨ੍ਹਾਂ ਮਸੰਦਾਂ ਰਾਹੀਂ ਪੁਜਦੇ ਰਹੇ। ਦੋ ਕੀਮਤੀ ਘੋੜੇ (ਦਿਲਬਾਗ ਤੇ ਗੁਲਬਾਗ) ਭਾਈ ਤਖਤ ਮਲ ਤੇ ਤਾਰਾ ਚੰਦ ਮਸੰਦ ਕਾਬਲ ਵਾਲੀਆਂ ਸੰਗਤਾਂ ਸਮੇਤ ਲੈਕੇ ਜਦੋਂ ਲਾਹੌਰ ਦੇ ਪਾਸ ਦੀ ਲੰਘ ਰਹੇ ਸਨ, ਤਾਂ ਸ਼ਾਹਜਹਾਨ ਦਿਆਂ ਕਰਮਚਾਰੀਆਂ ਨੇ ਇਹ ਦੋਨੋਂ ਘੋੜ ਉਨ੍ਹਾਂ ਤੋਂ ਖੋਹ ਲਏ। ਇਨ੍ਹਾਂ ਘੋੜਿਆਂ ਦੇ ਨਾਲ ਹੀ ਇਨ੍ਹਾਂ ਦਾ ਅਣਗਿਣਤ ਹੀਰਿਆਂ ਜੜਿਆ ਸਾਜ਼ ਭੀ ਮੁਗਲਾਂ ਨੇ ਕਾਬੂ ਕਰ ਲਿਆ। ਇਹ ਘੋੜੇ ਭਾਈ ਬਿਧੀ ਚੰਦ ਸ਼ਾਹੀ ਕਬਜ਼ੇ ਵਿਚੋਂ ਲਿਆਏ। ਕਈ ਵਾਰੀ ਇਹ ਮਸੰਦ ਸਿਖਾਂ ਦੇ ਸਥਾਨਕ ਛੋਟੇ ਮੋਟੇ ਆਪਸ ਦੇ ਝਗੜੇ ਭੀ ਨਬੇੜ ਦਿਆ ਕਰਦੇ ਸਨ। ਕਈ ਵਿਰੋਧੀ ਪਖ ਦੇ ਲਿਖਾਰੀਆਂ ਦਾ ਖਿਆਲ ਹੈ ਕਿ ਇਹ ਮਸੰਦ ਗੁਰੂ ਸਾਹਿਬ ਦੇ ਨਾਇਬ ਜਾਂ ਗਵਰਨਰ ਸਨ ਤੇ ਜੋ ਭੇਟਾਵਾਂ ਸਿਖ ਪਹਿਲੇ ਗੁਰੂ ਸਾਹਿਬਾਨ ਦੇ ਵੇਲੇ ਖੁਸ਼ੀ ਨਾਲ ਦਿੰਦੇ ਸਨ ਉਹ ਹੁਣ ਜ਼ਰੂਰੀ (ਲਾਜ਼ਮੀ) ਕਰਾਰ ਦੇ ਦਿਤੀਆਂ ਗਈਆਂ ਸਨ ਤੇ


www.AKJ.Org

ਇਹ ਮਸੰਦ ਪ੍ਰਨਾਲੀ ਸਿਖਾਂ ਤੋਂ ਕਰ ਦੀ ਸ਼ਕਲ ਵਿਚ ਤੰਗ ਕਰਕੇ ਵਸੂਲਦੇ ਸਨ'। ਇਸ ਸ਼ਰਧਾ ਭਾਵਨੀ ਦੀ ਮਾਇਆ ਨੂੰ ਉਗਰਾਹਿਆ ਜਾਣਾ ਕਰ ਸਮਝਣਾ ਇਕ ਬੜੀ ਇਤਿਹਾਸਕ ਭੁਲ ਹੈ ਗੁਰੂ ਸਾਹਿਬਾਂ ਦਾ ਕਿਧਰੇ ਅਣਸ ਮਾਤਰ ਭੀ ਰਾਜਸੀ ਮਨੋਰਥ ਨਹੀਂ ਸਾਬਤ ਹੁੰਦਾ। ਜੋ ਮਾਇਆ ਭੀ ਆਉਂਦੀ ਸੀ ਉਹ ਸਿਖ ਸੰਗਤਾਂ ਤੇ ਹੀ ਖਰਚ ਕਰ ਦਿੰਦੇ ਸਨ। ਇਹ ਠੀਕ ਹੈ ਕਿ ਜੋ ਮਸੰਦ ਪਹਿਲੇ ਈਮਾਨਦਾਰੀ ਨਾਲ ਸਿਖੀ ਦਾ ਪ੍ਰਚਾਰ ਕਰਦੇ ਸਨ ਤੇ ਮਾਇਆ ਦੀ ਉਗਰਾਹੀ ਕਰਦੇ ਸਨ ਉਹ ਹੌਲੀ ਹੌਲੀ ਮਾਇਆ ਦੇ ਅਸਰ ਹੇਠ ਆਕੇ ਆਪਣੇ ਆਸ਼ੇ ਤੋਂ ਥਿੜਕ ਗਏ। ਇਥੋਂ ਤਕ ਕਿ ਗੁਰੂ ਤੇਗ ਬਹਾਦਰ ਸਾਹਿਬ ਬਕਾਲੇ ਤੋਂ ਪ੍ਰਗਟ ਹੋਣ ਉਪਰੰਤ ਜਦੋਂ ਅੰਮ੍ਰਿਤਸਰ ਪੁਜੇ ਤਾਂ ਸਰੋਵਰ ਵਿੱਚ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਉਥੇ ਦੇ ਕਾਬਜ਼ ਮਸੰਦਾਂ ਨੇ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਦੇ ਦਰਵਾਜ਼ੇ ਬੰਦ ਕਰ ਲਏ,ਗੁਰੂ ਸਾਹਿਬ ਉਸੇ ਤਰ੍ਹਾਂ ਹੀ ਵਾਪਸ ਆ ਗਏ। ਮਸੰਦ ਹਰਿਮੰਦਰ ਸਾਹਿਬ ਦੀ ਸਾਰੀ ਪੂਜਾ ਹੜਪ ਕਰ ਰਹੇ ਸਨ ਤੇ ਉਨ੍ਹਾਂ ਨੂੰ ਡਰ ਸੀ ਕਿ ਗੁਰੂ ਸਾਹਿਬ ਦੇ ਅੰਦਰ ਜਾਣ ਅਤੇ ਉਥੇ ਠਹਿਰਨ ਨਾਲ ਸਾਰੀ ਚੜ੍ਹਤ ਉਨ੍ਹਾਂ ਦੇ ਹਥੋਂ ਜਾਂਦੀ ਰਹੇਗੀ।

ਕੁਝ ਮਸੰਦਾਂ ਦੀਆਂ ਸਿਖਾਂ ਪ੍ਰਤੀ ਵਧੀਕੀਆਂ ਤੋਂ ਇਨਕਾਰ ਨਹੀਂ ਹੋ ਸਕਦਾ, ਇਹ ਉਨ੍ਹਾਂ ਦੀ ਆਪਣੀ ਅਨਮਤੀ ਤੇ ਆਪਣੇ ਲਈ ਦਰਵ ਸੰਚਣ ਕਲਪਨਾ ਸੀ। ਸੂਰਜ ਪ੍ਰਕਾਸ਼ ਵਿਚ ਭੀ ਜ਼ਿਕਰ ਆਉਂਦਾ ਹੈ ਕਿ ਇਕ ਮਸੰਦ ਨੂੰ ਇਕ ਸਿਖ ਨੇ ਬੜੀ ਸ਼ਰਧਾ ਨਾਲ ਦਾਲ ਫੁਲਕਾ ਪੇਸ਼ ਕੀਤਾ ਪਰ ਉਸ ਮਸੰਦ ਨੇ ਉਹ ਦਾਲ ਫੁਲਕਾ ਚਲਾਕੇ ਸਿਖ ਦੇ ਮੂੰਹ ਤੇ ਮਾਰਿਆ ਤੇ ਬਹੁਤ ਬੁਰਾ ਭਲਾ ਭੀ ਬੋਲਿਆ। ਇਥੋਂ ਤਕ ਕਿ ਮਸੰਦ ਨੇ ਗਰੀਬ ਸਿਖ ਨੂੰ ਆਪਣੇ ਪਤਨੀ ਦਾ ਲਹਿੰਗਾ (ਘਗਰਾ) ਵੇਚ ਕੇ ਪ੍ਰਸ਼ਾਦ ਛਕਾਉਣ ਤੇ ਦੋ ਰੁਪਏ ਭੇਟਾ ਲੈਣ ਲਈ ਮਜਬੂਰ ਕਰ ਦਿਤਾ। ਗੁਰੂ ਗੋਬਿੰਦ ਸਿੰਘ ਸਾਹਿਬ ਪਾਸ ਇਕ ਸਵਾਂਗੀ ਪਾਰਟੀ ਆਈ ਜਿਸ ਨੇ ਮਸੰਦਾਂ ਦੇ ਸਿਖਾਂ ਤੋਂ ਜ਼ਬਰਦਸਤੀ ਚੜ੍ਹਾਵੇ ਲੈਣ ਬਾਰੇ ਇਕ ਸਵਾਂਗ (ਨਾਟਕ) ਪੇਸ਼ ਕੀਤਾ।

ਮਸੰਦਾਂ ਨੂੰ ਜੋ ਸਿਖਾਂ ਵਲੋਂ ਸਤਿਕਾਰ ਮਿਲਦਾ ਸੀ ਉਹ ਕੇਵਲ 'ਗੁਰੂ ਕੇ' ਪਠਾਏ ਹੋਣ ਕਰ ਕੇ ਜਾਂ ਗੁਰੂ ਦਾ ਸਿਖੀ ਸੰਦੇਸ਼ ਪਰਚਾਰਨ ਕਰਕੇ ਹੀ ਮਿਲਦਾ ਸੀ, ਪਰ ਇਹ ਸਮਝਣ ਲਗ ਪਏ ਕਿ ਗੁਰੂ ਕਾ ਲੰਗਰ, ਫੌਜਾਂ ਦਾ ਖਰਚ, ਗੁਰਦਵਾਰਿਆਂ ਤਥਾ ਕਿਲ੍ਹਿਆਂ ਦੀ ਉਸਾਰੀ ਆਦ ਦਾ ਖਰਚ ਕੇਵਲ ਉਹੀ (ਮਸੰਦ) ਚਲਾ ਰਹੇ ਹਨ ਤੇ ਉਨ੍ਹਾਂ ਤੋਂ ਬਿਨਾਂ ਗੁਰੂ ਸਾਹਿਬ ਆਪਣਾ ਮਿਸ਼ਨ ਨੇਪਰੇ ਨਹੀਂ ਚੜ੍ਹਾ ਸਕਦੇ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ,ਜਿਨ੍ਹਾਂ ਨੇ ਕੁਬੁਧ ਕਰਨ ਤੋਂ ਲੋਕਾਂ ਨੂੰ ਹਟਾਉਣ ਲਈ ਇਸ ਧਰਤੀ ਤੇ ਫੇਰਾ ਪਾਇਆ ਸੀ, ਮਸੰਦਾਂ ਨੂੰ ਸੋਧਣ ਦਾ ਇਰਾਦਾ ਕਰ ਲਿਆ ਜਿਥੇ ਉਨ੍ਹਾਂ ਨੇ ਆਪਣੇ ਪਿਛੋਂ ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਦਾ ਫੈਸਲਾ ਕਰ ਲਿਆ ਸੀ। ਉਥੇ ਉਨ੍ਹਾਂ ਖਾਲਸੇ ਨੂੰ ਮਸੰਦਾਂ ਤੋਂ ਭੀ ਮੁਕਤ ਕਰਨ ਦੀ ਪਕੀ ਠਾਨ ਲਈ ਸੀ। ਉਨ੍ਹਾਂ ਹੁਕਮਨਾਮੇਂ ਭੇਜਕੇ ਮਸੰਦਾਂ ਨੂੰ ਅਨੰਦਪੁਰ ਵਿਸਾਖੀ ਤੇ ਸਦਿਆ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਤਿਆਗਣ ਲਈ ਵੰਗਾਰਿਆ। ਮਸੰਦ ਤਲਮਲਾਏ


www.AKJ.Org

ਤੇ ਨਰਾਜ਼ ਹੋਕੇ ਦਰਬਾਰ ਵਿਚੋਂ ਉਠ ਕੇ ਚਲੇ ਗਏ। ਆਪਣੀ ਪ੍ਰਨਾਲੀ ਦੇ ਸਭ ਤੋਂ ਵਿਰਧ ਬਾਬੇ ਭਾਈ ਚੇਤੂ, ਜੋ ਗੁਰੂ ਰਾਮਦਾਸ ਸਾਹਿਬ ਤੋਂ ਚਲਿਆ ਆ ਰਿਹਾ ਸੀ, ਪਾਸ ਉਨ੍ਹਾਂ ਗੁਰੂ ਸਾਹਿਬ ਦੇ ਰੁਖੇ ਵਰਤਾਓ ਦੀ ਸ਼ਕਾਇਤ ਕੀਤੀ। ਭਾ: ਚੇਤੂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮਸੰਦਾਂ ਨੂੰ ਸਤਿਕਾਰ ਦਿਓ ਪਰ ਗੁਰੂ ਸਾਹਿਬ ਨੇ ਉਸ ਨੂੰ ਭੀ ਮਸੰਦਾਂ ਦੇ ਨਾਲ ਹੀ ਗੁਰੂ ਘਰ ਦੇ ਚੜ੍ਹਾਵੇ ਹਜ਼ਮ ਕਰਨ ਦਾ ਦੋਸ਼ੀ ਠਹਿਰਾਇਆ ਕਿਉਂਕਿ ਇਹ ਸਾਬਤ ਹੋ ਚੁਕਾ ਸੀ ਕਿ ਚੇਤੂ ਨੇ ਮਾਤਾ ਗੁਜਰੀ ਜੀ ਲਈ ਕਿਸੇ ਸਿਖ ਵਲੋਂ ਭੇਜੇ ਹੋਏ ਸੋਨੇ ਦੇ ਕੜੇ ਆਪਣੀ ਘਰ ਵਾਲੀ ਨੂੰ ਦੇ ਦਿੱਤੇ ਸਨ।

ਸਿਖੀ ਇਕ ਅਸੂਲ ਦਾ ਮੁਜੱਸਮਾ ਹੈ। ਅਸੂਲ ਤੋਂ ਡਿਗੇ ਦਾ ਸਿਖ ਪੰਥ ਵਿਚ ਕੋਈ ਥਾਂ ਨਹੀਂ। ਗੁਰੂ ਸਾਹਿਬ ਨੇ ਦੋਸ਼ੀ ਮਸੰਦਾਂ ਨੂੰ ਸਜ਼ਾਵਾਂ ਦਿਤੀਆਂ ਤੇ ਜੋ ਭਾਈ ਫੇਰੂ ਵਰਗੇ ਸੇਵਾ ਦੇ ਪੁੰਜ ਸਾਬਤ ਹੋਏ ਉਨ੍ਹਾਂ ਨੂੰ ਆਪਣੇ ਹਥੀਂ ਸਨਮਾਨਿਆ। ਇਕ ਇਤਿਹਾਸਕਾਰ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਮਸੰਦਾਂ ਨੂੰ ਗ੍ਰਿਫਤਾਰ ਕਰਵਾਕੇ ਅਨੰਦਪੁਰ ਮੰਗਵਾਇਆ ਤੇ ਤਕਰੀਬਨ 2200 ਨੂੰ ਉਬਲਦਾ ਤੇਲ ਪਾ ਕੇ ਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਮਾਰ ਦਿੱਤਾ ਉਸ ਇਤਿਹਾਸਕਾਰ ਨੇ ਅਤਕਥਨੀ ਕੰਮ ਲਿਆ ਜਪਦਾ ਹੈ ਇਸ ਤਰ੍ਹਾਂ ਦੀ ਕਿਸੇ ਘਟਨਾ ਦਾ ਬਚਿਤ੍ਰ ਨਾਟਕ ਵਿੱਚ ਜ਼ਿਕਰ ਨਹੀਂ ਆਉਂਦਾ। ਗੁਰੂ ਸਾਹਿਬ ਬਖਸਸ਼ ਦੇ ਭੰਡਾਰ ਸਨ ਪਰ ਹੇਠ ਲਿਖੀਆਂ ਤੁਕਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਬੇ-ਮੁਖ ਮਸੰਦਾਂ ਨੂੰ ਮੁਆਫ਼ ਨਹੀਂ ਕੀਤਾ, ਸਗੋਂ ਇਥੋਂ ਤਕ ਭੀ ਆਖਿਆ ਕਿ ਜੇਹੜੇ ਸਿਖ ਇਨ੍ਹਾਂ ਨੂੰ ਧਨ ਦੇਣਗੇ ਉਨ੍ਹਾਂ ਦੇ ਘਰਾਂ ਨੂੰ ਭੀ ਮਲੇਛ ਲੁਟ ਲੈਣਗੇ:—

ਜੋ ਬਾਬੇ ਕੇ ਦਾਸ ਨ ਦੇਹੈਂ।
ਤਿਨ ਕੇ ਗਹਿ ਬਾਬਰ ਕੇ ਲੈਹੈਂ॥
ਦੇ ਦੇ ਤਿਨ ਕੋ ਬਡੀ ਸਜਾਇ॥
ਪੁਨਿ ਲੈ ਹੈਂ ਗ੍ਰਹਿ ਲੂਟ ਬਨਾਇ॥੧੦॥

ਜਬ ਹ੍ਵੈ ਹੈ ਬੇਮੁਖ ਬਿਨਾ ਧਨ॥
ਤਬ ਚੜਿਹੈਂ ਸਿਖਨ ਕਹ ਮਾਂਗਨ॥
ਜੇ ਜੇ ਸਿਖ ਤਿਨੈਂ ਧਨ ਦੈਹੈਂ॥
ਲੂਟ ਮਲੇਛ ਤਿਨੁ ਕੋ ਲੈਹੈਂ॥੧੧॥

ਜਬ ਹੁਇ ਹੈ ਤਿਨ ਬਿਨਾਸਾ॥
ਤਬ ਧਰਿ ਹੈ ਜਿਨ ਗੁਰ ਕੀ ਆਸਾ॥
ਜਬ ਤੇ ਗੁਰ ਦਰਸ ਕੋ ਐਹੈਂ॥
ਤਬ ਤਿਨ ਕੋ ਗੁਰ ਮੁਖ ਨਾ ਲਗੈ ਹੈਂ॥੧੨॥

ਬਿਦਾ ਬਿਨਾ ਜੈ ਹੈਂ ਤਬ ਧਾਮੰ॥
ਧਰਿਹੈ ਕੋਈ ਨ ਤਿਨਕੋ ਕਾਮੰ॥
ਗੁਰ ਦਰ ਢੋਈ ਨ ਪ੍ਰਭ ਪੁਰਵਾਸਾ॥
ਦੁਹੂੰ ਠਉਰ ਤੇ ਰਹੇ ਨਿਰਾਸਾ॥੧੩॥

ਹੋਰ ਭੀ ਜਿਸ ਜਿਸ ਤਰ੍ਹਾਂ ਇਹਨਾਂ ਮਸੰਦਾਂ ਦੀ ਦੁਰਦਸ਼ਾ ਔਰੰਗਜ਼ੇਬ ਦੇ ਅਹਦੀਆਂ ਦੇ ਹਥੋਂ ਹੋਈ ਉਹ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ ਦੇ ਤੇਰ੍ਹਵੇਂ ਅਧਿਆਏ ਦੀਆਂ ਚੌਦਾਂ ਤੋਂ ਇਕੀਵੀਂ ਚੌਪਈ ਵਿਚ ਬਹੁਤ ਖੋਲ੍ਹ ਕੇ ਅੰਕਤ ਕੀਤੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਦਾ ਖ਼ਾਤਮਾ ਕੀਤਾ।


www.AKJ.org

# ਅੰਮ੍ਰਿਤ ਵੇਲਾ—੪

( ਡਾ: ਤੇਜਇੰਦਰ ਸਿੰਘ ਜੀ ਭੁਪਾਲ )

## ਕੀ ਚੌਥੇ ਪਹਿਰ ਤੋਂ ਵਧੀਕ ਨਾਮ ਤੇ ਕੀਰਤਨ ਹੋ ਸਕਦਾ ਹੈ ਤੇ ਕਿਵੇਂ ?

ਅੰਮ੍ਰਿਤ ਵੇਲਾ ਹੁਣ ਪੂਰੇ ਦਾ ਪੂਰਾ ਨਿਸਚਿਤ ਹੋ ਗਿਆ, ਨਾਮ ਤੇ ਸਿਫਤ ਸਾਲਾਹ ਕੀਰਤਨ ਲਈ ਸਤਿਸੰਗ ਵਿਚ ਜਾਕੇ। ਜੇ ਇਸ ਵਕਤ ਤੋਂ ਵਧ ਕੀਰਤਨ ਕਰਨ ਨੂੰ ਚਿਤ ਕਰੇ ਜਾਂ ਸਤਿਸੰਗ ਦਾ ਪਰੋਗਰਾਮ ਹੋਵੇ ਤਾਂ ਕੀ ਗੁਰਮਤਿ ਅਨੁਸਾਰ ਠੀਕ ਹੈ ? ਉਪਰ ਲਿਖੇ ਹੁਕਮ ਤ ਅਰਥਾਂ ਨੂੰ ਜੇ ਵਿਚਾਰੋ ਤਾਂ ਉਹਨਾਂ ਦਾ ਭਾਵ ਬਿਲਕੁਲ ਸਪਸ਼ਟ ਹੈ ਕਿ ਅੰਮ੍ਰਿਤ ਵੇਲਾ ਖਾਸ (Specified) ਉੱਦਮ ਲਈ ਮੁਕੱਰਹ ਹੈ, ਇਸ ਦੇ ਅਭਿਆਸ ਨੇ ਸਹਿਜੇ ਸਹਿਜੇ ਇਹੋ ਰੁਚੀ ਬਾਕੀ ਦੇ ਸੱਤਾਂ ਪਹਿਰਾਂ ਵਾਸਤੇ ਬਣਾਉਣੀ ਹੈ। ਸੋ ਅੰਮ੍ਰਿਤ ਵੇਲਾ ਹੈ Nucleus (ਕੇਂਦਰ) ਤੇ ਬਾਕੀ ਦੇ ਸੱਤ ਪਹਿਰ ਆਰੰਭਤਾ ਵਿਚ ਬਾਕੀ ਕੰਮਾਂ ਲਈ ਖੁਲ੍ਹੇ ਹਨ ਤੇ ਇਨਾਂ ਨੇ ਅੰਮ੍ਰਿਤ ਵੇਲੇ ਦੇ ਨਾਲ ਜੁੜਨਾ ਹੈ ਨਾਮ, ਸਿਫਤ ਸਾਲਾਹ ਵਾਸਤੇ। ਸੋ ਤਿੰਨ ਘੰਟੇ ਤੋਂ ਵਧ ਕੀਰਤਨ ਦੀ ਮਨਾਹੀ ਨਹੀਂ ਸਗੋਂ ਬੜਾ ਸ਼ਰੇਸ਼ਟ ਕੰਮ ਹੈ। ਨਾਮ ਬਾਣੀ ਤੇ ਕੀਰਤਨ ਵਡੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ।

ਗਲ ਜੋ ਚੰਗੀਤਰ੍ਹਾਂ ਯਾਦ ਰਖਣ ਵਾਲੀ ਹੈ ਉਹ ਇਹ ਹੈ ਕਿ ਅੰਮ੍ਰਿਤ ਵੇਲੇ ਦਾ ਸਮਾਂ, ਸਾਡੀ ਆਪਣੀ ਮਰਜ਼ੀ ਨਾਲ, ਹੋਰ ਸਮੇਂ ਨਾਲ ਵਟਾਇਆ ਨਹੀਂ ਜਾਣਾ ਚਾਹੀਏ ਅੰਮ੍ਰਿਤ ਵੇਲੇ ਦਾ ਅੰਮ੍ਰਿਤ, ਅੰਮ੍ਰਿਤ ਵੇਲੇ ਹੀ ਆਉਂਦਾ ਹੈ। ਨਾਮ ਕੀਰਤਨ ਸਤਿਸੰਗ ਜੋ ਅੰਮ੍ਰਿਤਵੇਲੇ ਹੋਣਾ ਨਿਯਤ ਹੈ ਉਹ ਨਿਯਤ ਸਮੇਂ ਹੀ ਹੋਣਾ ਚਾਹੀਏ। ਜੈਸੇ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹੀ ਸ਼ੋਭਦਾ ਹੈ, ਉਸ ਨੂੰ ਕਿਸੇ ਲੋਕ ਰਾਏ ਹੇਠਾਂ ਜਾਂ ਬਹੁਤੀਆਂ ਵੋਟਾਂ ਦੇ ਅਧਾਰ ਤੇ, ਅੰਮ੍ਰਿਤ ਵੇਲੇ ਤੋਂ ਅਨ-ਅੰਮ੍ਰਿਤ ਵੇਲੇ ਨਾਲ ਵਟਾਉਣਾ ਗੁਰਮਤਿ ਅਨੁਸਾਰ ਠੀਕ ਨਹੀਂ।

ਇਹ ਭੀ ਵੇਖਣ ਵਿਚ ਆਇਆ ਹੈ ਕਿ ਕੀਰਤਨੀ ਜਥੇ ਨੂੰ ਇਹ ਹੁਕਮ ਦਿਤਾ ਜਾਂਦਾ ਹੈ ਕਿ ਬਈ ਕੀਰਤਨੀ ਦਾ ਆਰੰਭ ਤਾਂ ਅੰਮ੍ਰਿਤ ਵੇਲੇ ਹੀ ਕਰੋ (ਹੁਕਮ ਜੋ ਹੋਇਆ) ਪਰ ਭੋਗ ਚਿਰਾਕੇ ਪਾਉਣਾ ਜਦ ਸੰਗਤ ਆ ਜੁੜੇ। ਇਸ ਤਰਾਂ ਅੰਮ੍ਰਿਤ ਵੇਲੇ ਦੀ ਸ਼ਰਤ ਭੀ ਨਿਭ ਗਈ ਤੇ ਚਿਰਾਕੀ ਸੰਗਤ ਦਾ ਦਿਨ ਚੜ੍ਹੇ ਆਉਣ ਦਾ ਨੇਮ ਭੀ ਨਿਭ ਗਿਆ। ਇਹ ਗੁਰੂ ਜੀ ਦੇ ਬੱਧੇ ਨਿਯਮ ਤੇ ਈਮਾਨ ਨਹੀਂ ਜਾਪਦਾ। ਕੀਰਤਨੀ ਜਥੇ ਨੂੰ ਸਵੇਰੇ ਸਦਣ ਵਿਚ ਸਤਿਸੰਗ ਦਾ ਪ੍ਰਯੋਜਨ ਨਹੀਂ ਇਹ ਤਾਂ ਸੌਂਹ ਪੂਰੀ ਕਰਨੀ ਹੈ।



www.AKJ.Org

## ਅੰਮ੍ਰਿਤ ਵੇਲੇ ਨੂੰ ਮੇਟਣ ਦਾ ਇਕ ਵਡਾ ਉਦਾਹਰਣ

ਜਦੋਂ ਮੈਂ ਲੰਡਨ ਗਿਆ ਤਾ ਉਥੇ ਕੀ ਵੇਖਿਆ ਕਿ ਗੁਰਦਵਾਰੇ ਵਿਚ ਸਤਿਸੰਗ ਸਿਰਫ ਐਤਵਾਰ ਦੇ ਐਤਵਾਰ ਹੀ ਹੁੰਦਾ ਹੈ ਤੇ ਇਹ ਭੀ ਸ਼ਾਮ ਨੂੰ ਚਾਰ ਵਜੇ ਆਰੰਭ ਹੁੰਦਾ ਹੈ। ਕਿਸੇ ਅਸਚਰਜਤਾ ਵਿਚ ਮੇਰੇ ਮੂੰਹੋਂ ਇਹ ਸ਼ਬਦ ਨਿਕਲ ਗਏ 'ਇਹ ਬੜਾ ਪਾਪ' ਹੈ। ਮੇਰੇ ਕਥਨ ਤੇ ਅਗਲਿਆਂ ਬੜੀ ਹੈਰਾਨੀ ਪ੍ਰਗਟ ਕੀਤੀ ਤੇ ਮੈਥੋਂ ਪੁਛ ਹੋਈ ਕਿ ਕਦੇ ਕੀਰਤਨ ਕਰਨਾ ਭੀ ਮਾੜਾ ਹੋਇਆ ਹੈ ? ਦਾਸ ਨੇ ਬੇਨਤੀ ਕੀਤੀ ਕਿ ਕੀਰਤਨ ਤਾਂ ਸਦਾ ਹੀ ਪੁੰਨ ਹੈ ਪਰ ਅੰਮ੍ਰਿਤ ਵੇਲੇ ਦੀ ਥਾਂ ਜੇ ਸ਼ਾਮ ਨੂੰ ਕੀਤਾ ਜਾਏ ਤਾਂ ਬਹੁਤਾ ਸ਼ੋਭਦਾ ਨਹੀਂ। ਇਸ ਤੇ ਵਧੇਰੇ ਪੁਛਾਂ ਹੋਈਆਂ ਕਿ ਕੀ ਹਿੰਦੁਸਤਾਨ ਵਿਚ ਸ਼ਾਮ ਨੂੰ ਕੀਰਤਨ ਨਹੀਂ ਹੁੰਦਾ ? ਇਸ ਤਰ੍ਹਾਂ ਸਤਿਸੰਗ ਤਾਂ ਬਹੁਤੀ ਥਾਈਂ ਦੁਪਹਿਰ ਤੋਂ ਪਿਛੋਂ ਜਾਂ ਸ਼ਾਮਾਂ ਨੂੰ ਬੀ ਹੁੰਦਾ ਹੈ ਕੀ ਉਹ ਸਭ ਗਲਤ ਹੋ ਰਿਹਾ ਹੈ ? ਦਾਸ ਨੇ ਉਤਰ ਦਿਤਾ ਕਿ ਗਲਤ ਹੈ ਜਾਂ ਠੀਕ ਹੈ ਇਹ ਤਾਂ ਵਾਹਿਗੁਰੂ ਜੀ ਜਾਣਦੇ ਹਨ, ਜੋ ਉਨ੍ਹਾਂ ਨੂੰ ਭਾ ਜਾਵੇ ਸੋਈ ਠੀਕ ਹੈ; ਪਰ ਮੈਨੂੰ ਪ੍ਰਤੀਤ ਇਉਂ ਹੁੰਦਾ ਹੈ ਕਿ ਜੇ ਸ਼ਾਮ ਦਾ ਕੀਰਤਨ ਪ੍ਰਭਾਤ ਦੇ ਕੀਰਤਨ ਤੋਂ ਉਪਰੰਤ (in addition) ਵਾਧੇ ਵਿਚ ਹੋ ਰਿਹਾ ਹੈ ਤਾਂ ਤੇ ਇਹ ਸਭ ਪੁੰਨ ਤੇ ਮਹਾਂ ਪੁੰਨ ਹੈ ਪਰ ਜੇ ਇਹ ਅੰਮ੍ਰਿਤ ਵੇਲੇ ਦੀ ਥਾਵੇਂ ਹੋ ਰਿਹਾ ਹੈ ਤਾਂ ਯੋਗ ਨਹੀਂ। ਕੀਰਤਨ ਕਰਨਾ ਮਾੜਾ ਨਹੀਂ ਪਰ ਵਕਤ ਵੇਲੇ ਦਾ ਇਸ ਤਰ੍ਹਾਂ ਬਦਲਣਾ ਕਿ ਅੰਮ੍ਰਿਤ ਵੇਲਾ ਮੂਲੋਂ ਹੀ ਹਟ ਜਾਵੇ ਤੇ ਸ਼ਾਮ ਦਾ ਵੇਲਾ ਮੁਢ ਤੇ ਮੂਲ ਹੋ ਜਾਵੇ ਤਾਂ ਇਹ ਦਰੁਸਤ ਨਹੀਂ ਹੋਵੇਗਾ। ਇਤਨੀ ਭੀ ਸਵੈ-ਸੁਖ ਦੀ ਭੁਖ ਕੀ, ਇਸ ਦੀ ਖਾਤਰ ਗੁਰ ਮਰਿਯਾਦਾ ਦਾ ਹੀ ਬਲੀਦਾਨ ਕਰ ਦਿਤਾ ਜਾਵੇ।

## ਅੰਮ੍ਰਿਤ ਵੇਲਾ ਨਾ ਰੱਖਣ ਦੇ ਭਿਆਨਕ ਡਰ

ਲੰਡਨ ਦੀ ਸੰਗਤ ਨੂੰ ਦਾਸ ਨੇ ਬੇਨਤੀ ਕੀਤੀ ਕਿ ਚਾਰ ਗੱਲਾਂ ਸੋਚਣ ਯੋਗ ਹਨ :—

ਪਹਿਲੀ ਗੱਲ—ਜੇ ਇਹ ਆਪ ਦਾ ਨਿਰੋਲ ਸ਼ਾਮ ਦੇ ਕੀਰਤਨ ਦਾ ਪ੍ਰੋਗਰਾਮ ਸੌ ਦੋ ਸੌ ਸਾਲ ਇਸੇ ਤਰ੍ਹਾਂ ਚਲਦਾ ਰਹੇ ਤਾਂ ਉਦੋਂ ਸਿਖਾਂ ਦਾ ਜੋ ਇਤਿਹਾਸ ਲਿਖਿਆ ਜਾਵੇਗਾ ਤਾਂ ਉਹ ਇਹੋ ਹੋਵੇਗਾ ਕਿ ਸਿਖ ਭਗਤੀ ਲਈ ਸਿਰਫ ਸ਼ਾਮ ਨੂੰ ਹੀ ਜੁੜਦੇ ਹਨ। ਤਦ ਸਾਡੀ ਰਹੁ ਰੀਤਿ ਤੇ ਸਾਡਾ ਇਤਿਹਾਸ ਸ੍ਰੀਗੁਰੂ ਗ੍ਰੰਥ ਸਾਹਿਬ ਦੇ ਦਸੇ ਪੂਰਨਿਆਂ ਦੇ ਬਿਲਕੁਲ ਵਿਰੁਧ ਹੋ ਜਾਵੇਗਾ। ਕੀ ਇਹ ਖਾਲਸੇ ਦੀ ਸ਼ਾਨ ਹੋਵੇਗੀ ? ਕੀ ਇਹ 'ਹੁਕਮ ਰਜਾਈ ਚਲਣਾ' ਹੋਵੇਗਾ ? ਇਸਤੋਂ ਅਫ਼ਸੋਸਨਾਕ ਹੋਰ ਕੀ ਗੱਲ ਹੋ ਸਕਦੀ ਹੈ ?

ਦੂਜੀ ਗੱਲ—ਇਹ ਲੰਡਨ ਦਾ ਗੁਰਦੁਆਰਾ ਪੱਛਮ ਵਿਚ ਸ਼ਰੋਮਣੀ ਗੁਰਦੁਆਰਾ ਹੈ। ਇਸ ਤੋਂ ਪਿਛੋਂ ਸਮੇਂ ਸਮੇਂ ਜਿਤਨੇ ਹੋਰ ਗੁਰਦੁਆਰੇ, ਯੂਰਪ ਵਿਚ ਹੋਂਦ ਵਿਚ ਆਉਣਗੇ, ਉਹ ਇਸੇ ਗੁਰ-ਦੁਆਰੇ ਨੂੰ ਮੁੱਖ ਰੱਖ ਕੇ ਆਪਣੀ ਰਹੁ ਰੀਤਿ ਬਣਾਉਣਗੇ। ਕਿਉਂ ਜੋ ਨਵਿਆਂ ਲਈ, ਤੁਹਾਡੀ ਪੁਰਾਣੀ ਸੰਸਥਾ ਤੇ ਸਤਿਸੰਗ ਚਾਨਣ ਮੁਨਾਰੇ ਦਾ ਕੰਮ ਦੇਣਗੇ, ਤੇ ਜੇ ਇਸ ਚਾਨਣ ਮੁਨਾਰੇ ਵਿਚ ਦਰੁਸਤ ਚਾਨਣ ਨਾ ਹੋਇਆ ਤਾਂ ਤੁਹਾਥੋਂ ਚਾਨਣ


www.AKJ.Org

ਪ੍ਰਾਪਤ ਕਰਨ ਵਾਲਿਆਂ ਨੂੰ ਰੌਸ਼ਨੀ ਦੀ ਥਾਵੇਂ ਕੀ ਲਭੇਗਾ? ਜੇ ਅਸਲੀ ਥਾਵੇਂ ਮਰਿਯਾਦਾ ਦਰੁਸਤ ਨਾ ਚਲ ਰਹੀ ਹੋਵੇ ਤਾਂ ਨਕਲ ਜੋ ਵੱਜੇਗੀ ਉਸ ਦਾ ਤਾਂ ਰੱਬ ਹੀ ਰਾਖਾ ਹੈ। ਸੋ ਪ੍ਰਬੰਧਕਾਂ ਨੂੰ ਆਪਣੀ ਜ਼ੁਮੇਂਵਾਰੀ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨਾ ਚਾਹੀਦਾ ਹੈ।

ਤੀਜੀ ਗੱਲ—ਤੇ ਸਭ ਤੋਂ ਵੱਡੀ ਗਲ ਇਹ ਸਭ ਕੁਝ ਗੁਰੂ ਜੀ ਦੇ ਆਸ਼ੇ ਤੋਂ ਬਿਲਕੁਲ ਉਲਟ ਹੈ, ਮਨਮਤਿ ਹੈ, ਇਹ ਰਜ਼ਾ ਵਿਚ ਚਲਣਾ ਨਹੀਂ, ਗੁਰੂ ਜੀ ਦੇ ਦਸੇ ਗਾਡੀ ਰਾਹ ਦੇ ਮੁਤਾਬਕ ਨਹੀਂ, ਤੇ ਆਪਣੇ ਸੌਖ ਲਈ ਗੁਰੂ ਜੀ ਦੀ ਦੱਸੀ ਮਰਿਯਾਦਾ ਤੋਂ ਲਾਂਭੇ ਜਾਣਾ ਹੈ।

ਚੌਥੀ ਗੱਲ—ਗੁਰਦਵਾਰੇ ਦਾ ਵਕਤ, ਹਰ ਇਕ ਸਿਖ ਨੂੰ ਪਰੇਰਨਾ ਦੇਂਦਾ ਹੈ ਕਿ ਸਿਖ ਕਿਸ ਵੇਲੇ ਉੱਠਣ ਤੇ ਸਤਿਸੰਗ ਵਿਚ ਜੁੜਨ। ਗੁਰਦਵਾਰੇ ਦਾ ਸਾਰਾ ਪਰੋਗਰਾਮ ਪਰਮਾਣੀਕ ਸਮਝ ਕੇ, ਆਪਣੀ ਜ਼ਿੰਦਗੀ ਉਸੇ ਤੇ ਢਾਲੀ ਜਾਣੀ ਚਾਹੀਦੀ ਹੈ।

ਇਕ ਗੁਰਸਿਖ ਅੰਮ੍ਰਿਤ ਵੇਲੇ ਸੰਗਤ ਵਿਚ ਕਿਵੇਂ ਜੁੜੇਗਾ ਜੇ ਅਗੋਂ ਸੰਗਤ ਦਾ ਅਸਥਾਨ, ਗੁਰਦਵਾਰਾ ਬੰਦ ਹੈ?

## ਗੁਰਦਵਾਰਿਆਂ ਦੇ ਪ੍ਰਬੰਧਕਾਂ ਦੇ ਧਿਆਨ ਯੋਗ

ਲੰਡਨ ਗੁਰਦਵਾਰੇ ਬਾਰੇ, ਉਪਰ ਦੱਸੀਆਂ ਗੱਲਾਂ ਐਨ ਢੁਕਦੀਆਂ ਹਨ, ਭਾਰਤ ਦੇ ਮੋਢੀ ਗੁਰਦਵਾਰਿਆਂ ਨੂੰ ਭੀ, ਜੋ ਕੋਈ ਭੀ ਵਡੇ ਵਡੇ ਗੁਰਦਵਾਰੇ ਹਨ, ਭਾਵੇਂ ਉਹ ਇਤਿਹਾਸਕ ਹਨ ਤੇ ਭਾਵੇਂ ਕਿਸੇ ਪ੍ਰਦੇਸ਼ ਦੀ ਰਾਜਧਾਨੀ ਦੇ ਵਡੇ ਗੁਰਦਵਾਰੇ ਹੋਣ ਦੇ ਕਾਰਣ ਪ੍ਰਸਿੱਧ ਹਨ, ਉਹਨਾਂ ਨੂੰ ਆਪਣੀ ਜ਼ੁਮੇਂਵਾਰੀ ਚੰਗੀ ਤਰ੍ਹਾਂ ਮਹਿਸੂਸ ਕਰਨੀ ਚਾਹੀਦੀ ਹੈ। ਗਾਡੀ ਰਾਹ ਤਾਂ ਸਾਡਾ ਰੌਸ਼ਨ ਮੁਨਾਰਾ ਹੈ। ਉਹ ਰੌਸ਼ਨ ਰਹਿਣਾ ਚਾਹੀਦਾ ਹੈ ਤੇ ਉਸੇ ਤੇ ਟੁਰਨ ਦਾ ਹੁਕਮ ਹੈ :—

'ਗੁਰਮੁਖ ਗਾਡੀ ਰਾਹ ਚਲੰਦਾ।'

## ਯੋਗਤਾ ਤੇ ਅਯੋਗਤਾ ਦੀ ਹੱਦਬੰਦੀ

ਪ੍ਰਬੰਧਕ ਬਣ ਕੇ ਗੁਰਮਤ ਦੀਆਂ ਨੀਂਹਾਂ ਤੇ ਤੁਰਨ ਦੀ ਖ਼ਾਸ ਜ਼ਿੰਮੇਵਾਰੀ ਸਿਰ ਤੇ ਪੈ ਜਾਂਦੀ ਹੈ। ਪ੍ਰਬੰਧਕਾਂ ਨੇ ਅਗਵਾਈ ਦੇਣੀ ਹੈ, ਤਾਂ ਜੋ ਸਾਰੀ ਸਾਧ ਸੰਗਤ ਗੁਰਮੁਖਤਾਈ ਦੇ ਸਾਂਚੇ ਵਿਚ ਢਲੇ, ਉਨ੍ਹਾਂ ਨੇ ਤੱਕਣਾ ਹੈ ਕਿ ਪਰਬੰਧ ਐਸਾ ਹੋਵੇ ਜੋ ਆਮ ਜਨਤਾ ਦੇ ਅਨੁਕੂਲ ਹੋਵੇ ਜਾਂ ਨਾਂ, ਪਰ ਗੁਰੂ ਮਰਿਯਾਦਾ ਅਨੁਸਾਰ ਜ਼ਰੂਰ ਹੋਵੇ। ਲੋਕ ਰਾਏ ਗੁਰਮਤ ਨਹੀਂ ਬਦਲ ਸਕਦੀ। ਗੁਰੂ ਜੀ ਦੇ ਬਣਾਏ ਪੂਰਨੇ ਵੋਟਾਂ ਦੇ ਮੁਥਾਜ ਨਹੀਂ ਹੋ ਸਕਦੇ। ਸਿੱਖੀ ਦੇ ਬੁਨਿਆਦੀ ਅਸੂਲ ਜਨਤਾ ਦੀ ਰਾਏ ਦੇ ਅਧੀਨ ਨਹੀਂ ਹੋ ਸਕਦੇ। ਇਸ ਚੀਜ਼ ਨੇ ਸਿੱਖੀ ਨੂੰ ਬਨਾਉਣਾ ਹੈ ਉਸ ਨੂੰ ਭੇਖੀ ਸਿੱਖ ਘਟਾ ਵਧਾ ਨਹੀਂ ਸਕਦੇ। ਪ੍ਰਬੰਧਕਾਂ ਨੇ ਗੁਰਦਵਾਰੇ ਨੂੰ ਅੰਮ੍ਰਿਤ ਵੇਲੇ ਜਾਂ ਤ੍ਰੈ ਪਹਿਰੇ ਆਰੰਭ ਕਰਕੇ ਪ੍ਰੇਰਨਾ ਦੇਣੀ ਹੈ ਕਿ ਹਰ ਸਿੱਖ ਅੰਮ੍ਰਿਤ ਵੇਲੇ ਉਠੇ ਤੇ ਸਤਿਸੰਗ ਵਿਚ ਹਰ ਕੋਈ ਪ੍ਰਬੀਨ ਨਹੀਂ। ਕੋਈ ਤਾਂ ਪੁਰਾਣਾ ਗੁਰਮੁਖ ਹੈ ਪਰ ਕੋਈ ਅਜ ਹੀ ਕੁਕਰਮ ਛਡ ਇਸ ਪਾਸੇ ਲਗਾ ਹੈ ਤੇ ਉਸ ਤੱਕਣਾ ਹੈ ਕਿ ਕੀ ਕੀ ਕਰਨਾ ਹੈ, ਕਿਵੇਂ ਕਰਨਾ ਹੈ ਤੇ ਕਦੋਂ ਕਰਨਾ ਹੈ। ਜੋ ਗੁਰਦਵਾਰੇ ਵਿਚ ਹੋ ਰਿਹਾ ਹੈ ਉਹ ਉਸ ਲਈ ਟਕਸਾਲੀ ਗਲ ਹੈ, ਪਰ ਜੇ ਅਸਲ ਵਿਚ ਜਾਂ


www.AKJ.org

ਵਰਤੋਂ ਵਿਚ ਉਹ ਟਕਸਾਲੀ ਗਲ ਨਹੀਂ ਫਿਰ ਉਹ ਜਗਿਆਸੂ ਭੁਲੇਖੇ ਵਿਚ ਪੈ ਜਾਏਗਾ, ਭੰਬਲ ਭੂਸੇ ਖਾਵੇਗਾ। ਇਹ ਸਾਰੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ ? ਇਸੇ ਤਰ੍ਹਾਂ ਜੇ ਗੁਰਦਵਾਰੇ ਵਿਚ ਵੀ ਅੰਮ੍ਰਿਤ ਵੇਲਾ ਨਹੀਂ, ਤਾਂ ਸਾਰੀ ਸੰਗਤ ਗਲਤ ਲੀਹ ਤੇ ਪੈ ਗਈ ਤੇ ਜੋ ਕੋਈ ਅੰਮ੍ਰਿਤ ਵੇਲੇ ਉਠਣ ਦੀ ਰੁਚੀ ਰਖਦਾ ਹੈ ਉਸਦੀ ਉਹ ਰੁਚੀ ਹੀ ਮਾਰ ਦਿੱਤੀ, ਜਦ ਕਿ ਅੰਮ੍ਰਿਤ ਵੇਲੇ ਦਾ ਸਤਿਸੰਗ ਹੀ ਨਹੀਂ। ਦਸੋ, ਕੀ ਇਹ ਗੁਰੂ ਸੇਵਾ ਹੋਈ, ਕੀ ਇਹ ਸਿੱਖੀ ਦੀ ਸੇਵਾ ਹੋਈ ?

ਵਾਹਿਗੁਰੂ ਜੀ ਦਾ ਡਰ ਅੱਖਾਂ ਵਿਚ ਰੱਖ ਕੇ ਸੇਵਾ ਕਰਨੀ ਲੋੜੀਏ। ਗਲਤੀ ਤਾਂ ਇਨਸਾਨ ਤੋਂ ਹੀ ਹੋਣੀ ਹੈ। ਅਸੀਂ ਸਾਰੇ ਹੀ ਭੁਲਣਹਾਰ ਹਾਂ ਤੇ ਸਦਾ ਭੁਲਦੇ ਰਹਾਂਗੇ। ਪਰ ਜਾਣ ਬੁਝ ਕੇ ਪਰਮਾਰਥ ਦੇ ਰਾਹ ਵਾਸਤੇ, ਗਲਤੀ ਨਹੀਂ ਹੋਣੀ ਚਾਹੀਦੀ ਤੇ ਇਸ ਗਲ ਤੇ ਤਤਪਰ ਰਹਿਣਾ ਚਾਹੀਦਾ ਹੈ ਕਿ ਗੁਰਮਤਿ ਦੇ ਰਾਹ ਤੋਂ ਸੰਗਤ ਨੂੰ ਕੁਰਾਹੇ ਪਾਉਣ ਦਾ, ਅਸੀਂ ਭੁਲ ਕੇ ਭੀ ਕਾਰਨ ਨਾ ਬਣੀਏ।

## ਇਕ ਧੰਨਤਾ ਯੋਗ ਉਦਾਹਰਣ

ਦਾਸ ਨੇ ਇਕ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੀ ਕਿ ਆਸਾ ਦੀ ਵਾਰ ਦਾ ਕੀਰਤਨ ਸਾਰੇ ਗੁਰਦੁਆਰਿਆਂ ਵਿਚ ਉਸ ਵੇਲੇ ਹੋਣਾ ਚਾਹੀਦਾ ਹੈ ਜਿਸ ਵੇਲੇ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਹੁੰਦਾ ਹੈ। ਸ੍ਰੀ ਮਾਨ ਗਿਆਨੀ ਮਹਿੰਦਰ ਸਿੰਘ ਜੀ ਨੇ, ਦਾਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਤੇ ਇਕ ਸਰਕੁਲਰ ਜਾਰੀ ਕੀਤਾ, ਜਿਸ ਦੀ ਨਕਲ ਹੇਠ ਦਿਤੀ ਜਾਂਦੀ ਹੈ—

ਸ੍ਰੀ ਅੰਮ੍ਰਿਤਸਰ ੨੦-੧੦-੬੫

ਜੋਗ—ਸਮੂਹ ਮੈਨੇਜਰ ਗੁਰਦੁਆਰਾ ਸਾਹਿਬਾਨ
ਸੈਕਸ਼ਨ ੮੫, ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ

ਪ੍ਰਯੋਜਨ—**ਕੀਰਤਨ ਆਸਾ ਦੀ ਵਾਰ**

ਪਰਧਾਨ ਸਾਹਿਬ ਦੇ ਹੁਕਮ ਅਨੁਸਾਰ ਇਸ ਸਰਕੁਲਰ ਰਾਹੀਂ ਵਿਦਿਤ ਕੀਤਾ ਜਾਂਦਾ ਹੈ ਕਿ ਅਗੇ ਤੋਂ ਗੁਰਦਵਾਰਾ ਸਾਹਿਬਾਨ ਵਿਖੇ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਸਮੇਂ ਅਨੁਸਾਰ ਆਰੰਭ ਕੀਤਾ ਜਾਵੇ ਤੇ ਭੋਗ ਪਾਇਆ ਜਾਵੇ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਜੀ ਵਾਰ ਦਾ ਕੀਰਤਨ ਆਰੰਭ ਹੋਣ ਦਾ ਸਮਾਂ 'ਗੁਰਦਵਾਰਾ ਗਜ਼ਟ" ਵਿਚ ਹਰ ਮਹੀਨੇ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਸਹੀ, ਮਹਿੰਦਰ ਸਿੰਘ ਗਿਆਨੀ ਸਕੱਤਰ
ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ

ਜੇ ਕਦੇ ਬਾਕੀ ਗੁਰਦਵਾਰਿਆਂ ਦੇ ਪ੍ਰਬੰਧਕ, ਇਸੇ ਤਰ੍ਹਾਂ, ਸਾਰੇ ਗੁਰਦਵਾਰਿਆਂ ਵਲ ਇਹੋ ਜਿਹਾ ਸਰਕੁਲਰ ਜਾਰੀ ਕਰ ਦੇਣ, ਤਾਂ ਇਹ ਪੱਕੀ ਗੱਲ ਹੈ ਕਿ ਸਿਖੀ ਦਾ ਅੰਸ਼ ਵਧ ਜਾਵੇਗਾ। ਇਸ ਗਲ ਦੀ ਅਵੱਸ਼ਕਤਾ ਪ੍ਰਤੱਖ ਹੈ। (ਚਲਦਾ)

---

## ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
## ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੁਰਾਤਨ ਨਿਕਟਵਰਤੀ ਭਾ: ਗੰਗਾ ਸਿੰਘ ਪੰਨੂਆਂ ਵਾਲੇ 4-2-68 ਦਿਨ ਐਤਵਾਰ ਨੂੰ ਗੁਰਪੁਰੀ ਪਿਆਨੇ ਕਰ ਗਏ ਹਨ। ਆਪ ਪੁਰਾਤਨ ਗੁਰਸਿਖ ਰਹਿਣੀ ਦੀ ਇਕ ਜ਼ਿੰਦਾ ਮਿਸਾਲ ਸਨ। ਭਾਈ ਸਾਹਿਬ ਜੀ ਦੇ ਨਿਕਟਵਰਤੀ ਗੁਰਸਿਖਾਂ 'ਚੋਂ ਇਕ ਹੋਰ ਅਨਮੋਲ ਹੀਰਾ ਚਾਲੇ ਪਾ ਗਿਆ।

(ਐਡੀਟਰ)


www.AKJ.Org

# ਨਾਮ-ਅੰਮ੍ਰਿਤ ਲਈ ਅੰਮ੍ਰਿਤ-ਜਾਗ ਦੀ ਲੋੜ

( ਭਾਈ ਮਾਲਕ ਸਿੰਘ ਜੀ B.Sc. ਕਾਨਪੁਰ )

ਅੰਤਰ ਖੂਅਟਾ ਅੰਮ੍ਰਿਤ ਭਰਿਆ,
ਸ਼ਬਦੇ ਕਾਢ ਪੀਐ ਪਨਿਆਰੀ ॥

ਗੁਰਬਾਣੀ ਗਹੁ ਨਾਲ ਪੜਨ ਤੇ ਇਹ ਪਤਾ ਲਗਦਾ ਹੈ ਕਿ ਇਨਸਾਨ ਦੇ ਅੰਤਰ ਆਤਮੇ ਅੰਤ੍ਰ ਖੂਅਟਾ ਅੰਮ੍ਰਿਤ ਭਰਿਆ ਪਿਆ ਹੈ ਜੋ ਇਸ ਤਰਾਂ ਲਬੋ-ਲਬ, ਸਰਾ ਸਰ, ਨਕੋ ਨਕ ਭਰਿਆ ਪਿਆ ਹੈ ਕਿ ਜੁਗਾਂ ਜੁਗਾਂਤਰਾਂ ਤਾਈਂ ਇਸ ਨਾਮ ਅੰਮ੍ਰਿਤ ਨੂੰ ਭੁੰਚਦੇ ਰਹਿਨ ਤੇ ਵੀ ਮੁਕਦਾ ਨਹੀਂ, ਤੋਟ ਨਹੀਂ ਆਂਦੀ। ਅੰਮ੍ਰਿਤ ਸਰੋਵਰ ਭਰਿਆ ਸਦਾ ਹੀ ਅਕਾਸ਼ ਗਗਨ ਵਿਖੇ ਡਲ੍ਹ ਡਲ੍ਹ ਕਰ ਰਿਹਾ ਹੈ, ਠਾਠਾਂ ਮਾਰ ਰਿਹਾ ਹੈ ਅਤੇ ਇਹ ਅੰਮ੍ਰਿਤ ਦੇ ਭੰਡਾਰ ਸਦਾ ਹੀ ਕਿਸ ਤਰਾਂ ਅੰਤਰ ਆਤਮੇ ਭਰਪੂਰ ਹਨ...

ਯਥਾ ਗੁਰਵਾਕ—

ਘਰਿ ਮਹਿ ਅੰਮ੍ਰਿਤ ਭਰਪੂਰ ਹੈ, ਮਨਮੁਖਾ ਸਾਦ ਨ ਪਾਇਆ॥
ਜਿਉ ਕਸਤੂਰੀ ਮਿਰਗੁ ਨ ਜਾਣੈ,ਭਰਮਦਾ ਭਰਮਿ ਭੁਲਾਇਆ॥

ਪੁਨਾ:—

ਕਬੀਰ ਪਾਲਿ ਸਮੁਹਾ ਸਰਵਰ ਭਰਾ ਪੀ ਨ ਸਕੈ ਕੋਈ ਨੀਰ ॥
ਭਾਗਿ ਵਡੇ ਤੈ ਪਾਇਓ ਤੂਭਰਿ ਭਰਿ ਪੀਉ ਕਬੀਰ ॥

ਤਾਂ ਤੇ ਇਹਨਾਂ ਉਪਰੋਕਤ ਗੁਰਪ੍ਰਮਾਣਾ ਤੋਂ ਇਹ ਸਪਸ਼ਟ ਹੈ ਕਿ ਅੰਤਰ ਖੂਅਟਾ ਅੰਮ੍ਰਿਤ-ਨਾਮ ਰਤਨ, ਭਰਿਆ ਪਿਆ ਹੈ।

## ਦੋ ਨੁਕਤੇ

੧. ਇਥੇ ਦੋ ਗਲਾਂ ਸਪਸ਼ਟ ਕਰ ਦੇਣ ਉਚਿਤ ਹੋਇਗਾ ਕਿ ਇਹ ਨਾਮ ਅੰਮ੍ਰਿਤ ਕੇਵ[ਲ] ਸਿਖਾਂ, ਸੰਤਾਂ, ਭਗਤਾਂ ਦੇ ਰਿਦੇ ਅੰਦਰ ਨਹੀਂ ਸਗੋਂ ਹਰ ਪ੍ਰਾਣੀ ਮਾਤ੍ਰ ਦੇ ਅੰਦਰ ਠਾਠਾਂ ਮਾ[ਰ] ਰਿਹਾ ਹੈ। ਹਰ ਪ੍ਰਾਣੀ ਮਾਤ੍ਰ ਦੇ ਅੰਤਰ ਇ[ਹ] ਵਡਮੁਲਾ, ਅਮੋਲਕ ਰਤਨ ਜੜਿਤ, ਅੰਮ੍ਰਿ[ਤ] ਨਾਮ ਪਿਆ ਹੈ ਜੋ ਦਰਗਾਹੋਂ ਸਾਥ ਆਇਆ ਹੈ

ਤਾਂ ਤੇ ਹਰ ਪ੍ਰਾਣੀ ਚਾਹੇ ਉਹ ਕਿਸੇ ਮਜ਼੍ਹਬ ਕੌਮ, ਜਾਤਿ ਜਾਂ ਦੇਸ ਦਾ ਹੈ, ਸਭ ਪਾਸ ਇ[ਹ] ਰਤਨ ਹੈ। ਜੇ ਕਰ ਇਹ ਕੇਵਲ ਸਿਖਾਂ ਦੇ ਹਿਰ[ਦੇ] ਹੀ ਹੁੰਦਾ ਤਾਂ ਉਪਰੋਕਤ ਗੁਰ ਪ੍ਰਮਾਣਾਂ ਵਿਚ ਐਸ[ਾ] ਸੰਕੇਤ ਜ਼ਰੂਰ ਮਿਲਦਾ ਪਰ ਐਸਾ ਨਹੀਂ ਹੈ। ਹ[ਾਂ] ਇਹ ਜ਼ਰੂਰ ਹੈ ਕਿ ਇਹ ਅੰਮ੍ਰਿਤ ਹਰ ਪ੍ਰਾਣ[ੀ] ਮਾਤ੍ਰ ਦੇ ਹਿਰਦੇ ਸਥਲ ਵਿਚ ਪਿਆ ਜ਼ਰੂਰ ਹੋ[ਇਆ] ਪਰ ਹੈ ਗੁਪਤ, ਪ੍ਰਗਟ ਨਹੀਂ।

੨. ਦੂਜੀ ਗਲ ਇਥੇ ਇਹ ਵੀ ਸਪਸ਼ਟ [ਹੈ] ਕਿ ਉਪਰੋਕਤ ਗੁਰਪ੍ਰਮਾਣਾਂ ਵਿਚ ਅੰਮ੍ਰਿਤ ਸ਼ਬ[ਦ] ਤੋਂ ਭਾਵ ਅਮਰ ਕਰ ਦੇਣ ਵਾਲੀ ਵਸਤੂ ਨਾ[ਲ] ਹੈ ਤੇ ਉਹ ਹੈ ਪ੍ਰਭੂ ਦਾ ਨਾਮ। ਅੰਮ੍ਰਿਤ ਉਸ ਦ[ਾ] ਨਾਮ ਹੈ।


www.AKJ.Org

## ਮ੍ਰਿਤ ਨਾਮ ਕਲਜੁਗ ਵਿਚ ਗੁਪਤ ਹੈ

ਉਪਰੋਕਤ ਗੁਰ ਪ੍ਰਮਾਣਾਂ ਤੋਂ ਇਹ ਤਾਂ ਸਪਸ਼ਟ ਹੋ ਹੀ ਗਿਆ ਹੈ ਕਿ ਹਰ ਪ੍ਰਾਣੀ ਦੇ ਅੰਦਰ ਅੰਮ੍ਰਿਤ ਨਾਮ ਭਰਪੂਰ ਹੈ। ਆਉ ਹੁਣ ਦੇਖੀਏ ਕਿ ਇਹ ਨਾਮ ਕਿਸਤਰਾਂ ਕਲਜੁਗ ਵਿਚ ਗੁਪਤ ਵਰਤ ਰਿਹਾ ਹੈ। ਇਹ ਨਾਮ ਅੰਮ੍ਰਿਤ ਗੁਪਤ ਹੈ ਇਸ ਦੀ ਪੁਸ਼ਟੀ ਲਈ ਕੁਝਕੁ ਪ੍ਰਮਾਣ ਥਲੇ ਦਿਤੇ ਜਾ ਰਹੇ ਹਨ—

ਗੁਪਤ ਨਾਮ ਵਰਤੇ ਵਿਚਿ ਕਲਿਜੁਗ,
ਘਟਿ ਘਟਿ ਹਰਿ ਭਰਪੂਰੁ ਰਹਿਆ ॥
ਨਾਮ ਰਤਨ ਤਿਨਾ ਹਿਰਦੈ ਪ੍ਰਗਟਿਆ,
ਜੋ ਗੁਰ ਸਰਣਾਈ ਭਜ ਪਇਆ ॥
ਇਸ ਜੁਗ ਮਹਿ ਨਾਮ ਅਲਭ ਹੈ, ਗੁਰਮੁਖਿ ਵਸੈ ਮਨਿ ਆਈ ॥
ਅੰਤਰ ਅਲਖ ਨ ਜਾਈ ਲਖਿਆ ॥
ਨਾਮ ਰਤਨ ਲੈ ਗੁਝਾ ਰਖਿਆ ॥
ਅਗੰਮ ਅਗੋਚਰ ਸਭ ਤੇ ਉਚਾ, ਗੁਰ ਕੈ ਸਬਦ ਲਖਵਾਣਿਆਂ ॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲ ਗੁਪਤੋ ਵਰਤੈ,
ਗੁਰ ਸਬਦੀ ਦੇਖਿ ਨਿਹਾਰੀ ॥

ਇਹ ਨਾਮ ਰਤਨ ਰੂਪੀ ਅੰਮ੍ਰਿਤ ਘਟਿ ਘਟਿ ਗੁਝਾ, ਗੁਪਤ ਇਸਤਰਾਂ ਹੈ ਜਿਵੇਂ ਹਰ ਲਕੜ ਵਿਚ ਅਗਨਿ ਬੰਦ ਹੈ, ਹਰ ਦੁਧ ਵਿਚ ਘਿਉ ਗੁਪਤ ਹੈ। ਹਿਰਨ ਦੀ ਨਾਭਿ ਅੰਦਰ ਹੀ ਕਸਤੂਰੀ ਹੈ ਪਰ ਇਸ ਦਾ ਗਿਆਨ ਨ ਹੋਣ ਕਰਕੇ ਬਾਹਰ ਟਕਰਾਂ ਮਾਰਨ ਦੀ ਝਾਕ ਉਸ ਤੋਂ ਖਤਮ ਨਹੀਂ ਹੁੰਦੀ। ਬਿਲਕੁਲ ਇਸ ਤਰੀਕੇ ਨਾਲ ਨਾਮ ਅੰਮ੍ਰਿਤ ਘਟ ਘਟਿ ਵਯਾਪਕ ਹੈ ਪਰ ਪ੍ਰਾਣੀ ਇਸਨੂੰ ਢੂੰਡ ਰਿਹਾ ਹੈ ਬਾਹਰ ਥਾਈਂ। ਇਸ ਨਾਮ ਰਤਨ ਅੰਮ੍ਰਿਤ ਦੀ ਗੁਪਤ ਕਲਾ ਥਲੇ ਦਿਤੇ ਗਏ ਗੁਰਪ੍ਰਮਾਣ ਤੋਂ ਭਲੀ ਭਾਂਤਿ ਸਪਸ਼ਟ ਹੋ ਜਾਂਦੀ ਹੈ:—

ਸਗਲ ਬਨਸਪਤਿ ਮਹਿ ਬੈਸੰਤਰੁ ॥
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ॥
ਘਟਿ ਘਟਿ ਮਾਧਉ ਜੀਆ ॥

ਪ੍ਰਮਾਣ ੧:—ਸਗਲ ਬਨਸਪਤਿ ਮਹਿ ਬੈਸੰਤਰੁ ॥

ਸਗਲ ਬਨਸਪਤਿ ਵਿਚ ਕਾਦਰ ਨੇ ਅਗ ਨੂੰ ਬੰਦ ਕਰਕੇ ਗੁਪਤ ਰਖਿਆ ਹੈ। ਇਹ ਗੁਪਤ ਅਗਨਿ ਆਪਨੇ ਆਪ ਪ੍ਰਗਟ ਨਹੀਂ ਹੁੰਦੀ ਹੈ। ਜੰਗਲਾਂ ਵਿਚ ਇਹ ਹਵਾ ਦੇ ਤੀਬਰ ਝੋਂਕਿਆਂ ਨਾਲ ਆਪਨੀ ਰਗੜ ਖਾਨ ਤੇ, ਯਾ ਬਿਜਲੀ ਦੀ ਤੇਜ਼ ਚਿੰਗਾਰੀਆਂ ਨਾਲ, ਪਥਰਾਂ ਦੀ ਰਗੜ ਆਦਿ ਨਾਲ ਪ੍ਰਗਟ ਰੂਪ ਵਿਚ ਆ ਕੇ ਜੰਗਲਾਂ ਦੇ ਜੰਗਲ ਨਸ਼ਟ ਕਰ ਦੇਂਦੀ ਹੈ। ਘਰੋਗੀ ਕੰਮਾਂ ਕਾਰਾਂ ਵਿਚ ਇਸ ਬਨਸਪਤਿ ਨੂੰ ਦੀਆ-ਸਲਾਈ ਆਦਿ ਨਾਲ ਪ੍ਰਗਟ ਕਰ ਕੇ ਇਸ ਤੋਂ ਸਾਰੇ ਕੰਮ ਕਾਰ ਲਏ ਜਾਂਦੇ ਹਨ।

ਪ੍ਰਮਾਣ ਨੰ: ੨—ਸਗਲ ਦੂਧ ਮਹਿ ਘੀਆ ॥

ਕੀ ਇਸ ਤੋਂ ਕੋਈ ਮੁਨਕਰ ਹੋ ਸਕਦਾ ਹੈ ਕਿ ਸਗਲ ਦੂਧ ਮਹਿ ਘੀਆ— ਜਾਨਵਰਾਂ ਦੇ ਦੁਧ ਵਿਚ ਘਿਉ ਨਹੀਂ ਹੁੰਦਾ। ਅਗਰ ਦੁਧ ਵਿਚ ਝਾਤੀ ਮਾਰੀ ਜਾਏ ਤਾਂ ਕਿਸੇ ਨੂੰ ਵੀ ਘਿਉ ਨਹੀਂ ਦਿਸਦਾ ਪਰ ਇਸਦੇ ਬਾਵਜੂਦ ਅਗਰ ਕਿਸੇ ਕੋਲੋਂ ਪੁਛਿਆ ਜਾਏ ਕਿ ਕੀ ਦੁਧ ਵਿਚ ਘਿਉ ਦਿਸ ਰਿਹਾ ਹੈ ਤਾਂ ਇਹ ਹੀ ਉਤਰ ਮਿਲੇਗਾ ਕਿ ਦੁਧ ਵਿਚ ਘਿਉ ਹੈ ਪਰ ਗੁਪਤ ਹੈ। ਤਾਂ ਤੇ ਇਹ ਕਹਿਣਾ ਹੀ ਪਵੇਗਾ ਕਿ ਘਿਉ ਦੁਧ ਦੇ ਵਿਚ ਗੁਪਤ ਰੂਪ ਵਿਚ ਹੈ ਤੇ ਇਸ ਨੂੰ ਪ੍ਰਗਟ ਕਰਨ ਲਈ ਸਾਨੂੰ ਬਾਹਰਲੇ ਵਸੀਲੇ ਕਰਨੇ ਹੀ ਪੈਣਗੇ। ਚਾਹੇ ਉਹ ਵਸੀਲਾ ਸਾਇੰਟੀਫਿਕ ਹੈ ਚਾਹੇ ਘਰੇਲੂ, ਚਾਹੇ ਉਸ ਦੀ ਪਹਿਲਾਂ ਕਰੀਮ ਕਢੀ


www.AKJ.Org

ਗਈ ਹੈ ਤੇ ਚਾਹੇ ਦਹੀ ਦਾ ਜਾਮਨ ਲਗਾ ਕੇ। ਸੋ ਦੁਧ ਵਿਚ ਘਿਉ ਪਹਿਲਾਂ ਹੀ ਗੁਪਤ ਸੀ ਨ ਕਿ ਬਾਹਰੋਂ ਪਾਇਆ ਹੈ।

ਉਪਰੋਕਤ ਦੋਨੋਂ ਪ੍ਰਮਾਣਾਂ ਦਾ ਦ੍ਰਿਸ਼ਟਾਂਤ ਇਹ ਹੈ ਕਿ ਜਿਸਤਰਾਂ ਬਨਸਪਤਿ ਵਿਚ ਅਗ ਗੁਪਤ ਹੈ ਪਰ ਪ੍ਰਗਟ ਬਾਹਰਲੇ ਸਾਧਨਾਂ ਨਾਲ ਹੀ ਹੁੰਦੀ ਹੈ, ਦੁਧ ਵਿਚ ਘਿਉ ਗੁਪਤ ਹੈ ਪਰ ਦਿਸਦਾ ਨਹੀਂ। ਇਹ ਵੀ ਬਾਹਰਲੇ ਸਾਧਨਾਂ ਨਾਲ ਹੀ ਆਪਨੇ ਪ੍ਰਗਟ ਰੂਪ ਵਿਚ ਆਉਂਦਾ ਹੈ। ਬਿਲਕੁਲ ਇਝ ਵਡਮੁਲਾ, ਨਾਮ ਅੰਮ੍ਰਿਤ ਘਟ ਘਟ ਗੁਪਤ ਰੂਪ ਵਿਚ ਵਯਾਪਕ ਹੈ ਪਰ ਇਸ ਨੂੰ ਵੀ ਪ੍ਰਗਟ ਕਰਨ ਲਈ ਕਿਸੇ ਵਸੀਲੇ ਬਾਹਰਲੀ ਸਾਧਨ ਦੀ ਲੋੜ ਹੈ, ਤੇ ਉਹ ਬਾਹਰਲੀ ਸਾਧਨ ਹੈ ਪੰਜਾਂ ਪਿਆਰਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਦੀ ਜਾਗ ਲਗਵਾਨਾ। ਬਿਨਾਂ ਅੰਮ੍ਰਿਤ-ਜਾਗ ਲਗਵਾਏ ਇਹ ਨਾਮ-ਅੰਮ੍ਰਿਤ ਰੰਗ ਹੀਰਾ ਗੁਪਤ ਹੀ ਰਹਿਣਾ ਹੈ। ਇਹ ਅੰਮ੍ਰਿਤ ਜਾਗ ਇਸ ਦੇਹੀ ਰੂਪੀ ਮਟਕੀ ਵਿਚੋਂ ਉਸ ਅੰਮ੍ਰਿਤ ਨਾਮ, ਨੂੰ ਪ੍ਰਗਟ ਕਰ ਦੇਵੇਗੀ।

## ਅੰਮ੍ਰਿਤ ਦੀ ਦਾਤ ਗੁਰੂ ਨਾਨਕ ਸਾਹਿਬ ਨੇ ਵੰਡੀ

ਆਮ ਇਹ ਪ੍ਰਚਲਤ ਹੈ ਕਿ ਅੰਮ੍ਰਿਤ ਛਕਾਣ ਦਾ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਨੇ ਟੋਰਿਆ ਤੇ ਇਸ ਤੋਂ ਪਹਿਲਾਂ ਨ ਹੀ ਗੁਰੂ ਸਾਹਿਬਾਂ ਨੇ ਅੰਮ੍ਰਿਤ ਪਾਨ ਕੀਤਾ ਸੀ ਤੇ ਨ ਹੀ ਹੋਰ ਸਿਖਾਂ ਨੇ। ਇਸ ਬਾਰੇ ਦਾਸ ਕੁਛ ਦਲੀਲਾਂ ਦੇਣ ਦਾ ਯਤਨ ਕਰ ਰਿਹਾ ਹੈ ਜਿਨ੍ਹਾਂ ਤੋਂ ਇਹ ਸਪਸ਼ਟ ਹੋ ਜਾਏਗਾ ਕਿ ਅੰਮ੍ਰਿਤ ਛਕਾਣ ਦੀ ਮਰਯਾਦਾ ਸ੍ਰੀ ਗੁਰੂ ਨਾਨਕ ਸਾਹਿਬ ਨੇ ਖੁਦ ਚਲਾਈ ਜੋ ਦਸੇ ਹੀ ਜਾਮਿਆਂ ਵਿਚ ਪ੍ਰਚਲਤ ਚਲਦੀ ਆਈ।

ਵੈਸੇ ਤਾਂ ਹਰ ਗੁਰੂ ਸਾਹਿਬਾਂ ਦੀ ਬਾਣੀ ਵਿਚ ਇਹ ਸਪਸ਼ਟ ਹੈ ਕਿ ਅੰਮ੍ਰਿਤ ਦੀ ਦਾਤ, ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਚਲਦੀ ਆ ਰਹੀ ਹੈ ਪਰ ਇਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਹੀ ਸ਼ਬਦ ਜਿਸਨੂੰ ਕਿ ਸਭ ਜਾਣਦੇ ਹਨ, ਥਲੇ ਦਿਤਾ ਜਾਂਦਾ ਹੈ:—

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ,
ਸੁ ਅੰਮ੍ਰਿਤ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤ ਗੁਰ ਕ੍ਰਿਪਾ ਕੀਨੀ
ਸਚਾ ਮਨ ਵਸਾਇਆ॥
... ... ... ... ...
ਕਹੈ ਨਾਨਕੁ ਜਿਸਨੂੰ ਆਪਿ ਤੁਠਾ ਤਿਨਿ ਅੰਮ੍ਰਿਤ ਗੁਰ ਤੇ ਪਾਇਆ।
(ਅਨੰਦ ਸਾਹਿਬ)

ਇਹ ਸ਼ਬਦ ਹਰ ਇਕ ਸਿਖ ਸ੍ਰੀ ਅਨੰਦ ਸਾਹਿਬ ਵਿਚ ਰੋਜ਼ ਪੜਦਾ ਹੈ। ਇਸ ਵਿਚ ਸਪਸ਼ਟ ਹੈ ਕਿ ਪੂਰੇ ਗੁਰੂ, ਸ੍ਰੀ ਗੁਰੂ ਅੰਗਦ ਸਾਹਿਬ ਨੇ ਕ੍ਰਿਪਾ ਕੀਤੀ ਤੇ ਤੁਠ ਕੇ ਅੰਮ੍ਰਿਤ ਦੀ ਬਖ਼ਸ਼ਸ਼ ਕੀਤੀ ਅਤੇ ਇਹ ਉਹ ਹੀ ਨਾਮ ਅੰਮ੍ਰਿਤ ਹੈ ਜਿਸ ਨੂੰ ਵਡੇ ਵਡੇ ਮੁਨ, ਜਨ, ਦੇਵਤੇ, ਜਛ, ਗੰਧਰਬ, ਆਦਿ ਤਰਸਦੇ ਰਹੇ ਅਤੇ ਉਹਨਾਂ ਦੇ ਲਖਾਂ ਯਤਨ ਕਰਨ ਤੇ ਵੀ ਉਨ੍ਹਾਂ ਨੂੰ ਪ੍ਰਾਪਤ ਨ ਹੋਇਆ। 'ਪੀ ਅੰਮ੍ਰਿਤ ਅਘਾਨਿਆ ਗੁਰ ਅਮਰ ਕਰਾਇਆ' ਅਤੇ ਹੋਰ ਅਨੇਕਾਂ ਪ੍ਰਮਾਣ ਇਸ ਦਲੀਲ ਦੀ ਪੁਸ਼ਟੀ ਕਰ ਦੇਂਦੇ ਹਨ ਕਿ ਇਹ ਵਡਮੁਲੀ ਅੰਮ੍ਰਿਤ ਦੀ ਦਾਤ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਧਿਕਾਰੀ ਜਗਿਆਸੂਆਂ ਨੂੰ ਦਿਤੀ ਅਤੇ ਬਰਾਬਰ ਸਭ ਗੁਰੂਆਂ ਨੇ ਇਸ ਰਸਮ ਨੂੰ ਕਾਇਮ ਰਖਿਆ।


www.AKJ.Org

ਇਸ ਦਲੀਲ ਦੀ ਹੋਰ ਪ੍ਰੋੜਤਾ ਭਾਈ ਸਾਹਿਬ ਭਾਈ ਗੁਰਦਾਸ ਜੀ ਕਰ ਦਿੰਦ ਹਨ :—

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ ।
ਚਰਣ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ ॥

ਭਾਈ ਸਾਹਿਬ ਜੀ ਦੀਆਂ ਇਹਨਾਂ ਪੰਕਤੀਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੇ ਗੁਰੂ ਜਾਮਿਆਂ ਵਿਚ ਇਹ ਅੰਮ੍ਰਿਤ. ਚਰਣਾਮ੍ਰਿਤ ਦੀ ਸ਼ਕਲ ਵਿਚ ਸੀ, ਜਿਸ ਨੂੰ ਬਾਦ ਵਿਚ ਆ ਕੇ ਦਸਮੇਸ਼ ਪਿਤਾ ਨੇ ਦੇਹਧਾਰੀ ਗੁਰੂਆਂ ਦੀ ਰਸਮ ਸਮਾਪਤ ਕਰਨ ਲਈ ਪਾਹੁਲ ਅਥਵਾ ਖੰਡੇ ਦੇ ਅੰਮ੍ਰਿਤ ਦਾ ਰੂਪ ਦੇ ਦਿਤਾ। ਅੰਮ੍ਰਿਤ ਓਹੀ ਅੰਮ੍ਰਿਤ ਦੀ ਤਾਕਤ ਓਹੀ, ਕੇਵਲ ਛਕਾਣ ਦੀ ਵਿਧੀ ਵਿਚ ਥੋੜਾ ਜੇਹਾ ਪਰਿਵਰਤਨ ਕੀਤਾ।

## ਗੁਰਚਰਣਾਮ੍ਰਿਤ ਅਤੇ ਖੰਡੇ ਦੇ ਅੰਮ੍ਰਿਤ ਵਿਚ ਕੋਈ ਫ਼ਰਕ ਨਹੀਂ

ਜਿਵੇਂ ਪ੍ਰਥਮ ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਉਪਰੰਤ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇਕ ਹੀ ਜੋਤਿ ਚਲਦੀ ਆਈ ਪਰ ਚੋਲਾ, ਸ਼ਰੀਰ ਬਦਲਦਾ ਰਿਹਾ । ਬਿਲਕੁਲ ਇਸੇ ਤਰੀਕੇ ਨਾਲ ਸਭ ਹੀ ਪਾਤਸ਼ਾਹੀ ਨੇ ਇਕ ਹੀ ਅੰਮ੍ਰਿਤ ਦਾ ਪ੍ਰਚਾਰ ਕੀਤਾ ਅਤੇ ਦਸਮੇਸ਼ ਪਿਤਾ ਨੇ ਚਰਣ-ਆਮ੍ਰਿਤ ਤੋਂ ਖੰਡੇ ਦੀ ਪਹੁਲ ਦਾ ਰੂਪ ਦਿਤਾ । ਜਿਸ ਤਰ੍ਹਾਂ ਗੁਰੂ ਸਾਹਿਬਾਂ ਬਾਰੇ 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ' ਘਟਦੀ ਹੈ ਬਿਲਕੁਲ ਇਸੇ ਤਰ੍ਹਾਂ ਇਕ ਹੀ ਅੰਮ੍ਰਿਤ ਚਲਦਾ ਰਿਹਾ ਹੈ ।

ਜਿਸ ਤਰੀਕੇ ਨਾਲ ਦਸ਼ਮੇਸ਼ ਪਿਤਾ ਨੇ ਜਦ ਹਥ ਵਿਚ ਖੜਗ ਪਕੜੀ ਤੇ ਸੀਸ ਮੰਗੇ ਤਾਂ ਉਹ ਪੰਜ ਹੀ ਨਿਤਰੇ ਜਿਨ੍ਹਾਂ ਨੇ ਦਸ਼ਮੇਸ਼ ਪਿਤਾ ਨੂੰ ਗੁਰੂ ਨਾਨਕ ਦਾ ਸਰੂਪ ਕਰਕੇ ਮੰਨਿਆ । ਨਹੀਂ ਤਾਂ ਆਮ ਲੁਕਾਈ ਨੇ ਇਹ ਹੀ ਕਹਿਆ ਕਿ ਹੁਣ ਗੁਰੂ ਨਾਨਕ ਦੀ ਸਿਖਿਆ ਤੋਂ ਉਲਟਾ ਚਲਿਆ ਜਾ ਰਿਹਾ ਹੈ,ਸ਼ਾਂਤੀ ਅਤੇ ਭਗਤੀ ਨੂੰ ਲਿਤਾੜ ਦਿਤਾ ਗਿਆ ਹੈ । ਇਸ ਬਾਰੇ ਦਸ਼ਮੇਸ਼ ਪਿਤਾ ਨੇ ਬਚਿਤ੍ਰ ਨਾਟਕ ਖੁਦ ਅੰਕਤ ਕੀਤਾ ਹੈ ਕਿ ਏਕ ਰੂਪ ਕਿਨਹੂੰ ਪਹਿਚਾਨਾ ਅਤੇ ਜਿਨਾਂ ਨੇ ਇਕ ਰੂਪ ਕਰ ਕੇ ਮੰਨਿਆ ਉਹਨਾਂ ਸਿਧ ਪਾਈ, ਪਰਮ ਨੂੰ ਸਮਝਿਆ ।

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅੰਗਦ ਅਮਰਦਾਸ ਪਹਿਚਾਨਾ ॥
ਅਮਰਦਾਸ, ਰਾਮਦਾਸ ਕਹਾਯੋ ॥
ਸਾਧਨ ਲਖਾ ਮੂੜ ਨਹਿ ਪਾਯੋ ॥ ੧ ॥
ਭਿਨ ਭਿਨ ਸਭ ਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਥ ਨ ਆਈ ॥
ਰਾਮਦਾਸ ਹਰਿ ਸੋ ਮਿਲ ਗਏ ॥
ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥
ਹਰਿ ਗੋਬਿੰਦ ਤਿਹ ਠਾ ਠਹਰਾਏ ॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀ ਰਾਇ ਤਿਹ ਠਾ ਬੈਠਾਰੇ ॥
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥

(ਬਚਿਤ੍ਰ ਨਾਟਕ ਪਾ: ੧੦)

ਅਫਸੋਸ ਹੈ ਕਿ ਅਜੇ ਵੀ ਕਈ ਭੁਲੇਖੇ ਵਿਚ ਹਨ ਜੋ ਕਹਿੰਦੇ ਹਨ ਕਿ ਅਸੀਂ ਤਾਂ ਗੁਰੂ ਨਾਨਕ ਦੇ ਸਿਖ ਹਾਂ ਅੰਮ੍ਰਿਤ ਤਾਂ ਕਲਗੀਧਰ ਪਿਤਾ ਨੇ ਛਕਾਇਆ ਸੀ, ਪਹਿਲਾ ਕੇਹੜਾ ਅੰਮ੍ਰਿਤ ਸੀ ਜੋ ਗੁਰੂਆਂ ਨੇ ਛਕਿਆ ਹੋਇਆ ਸੀ । ਉਹ ਅਜੇ ਵੀ*

www.AKJ.Org




(ਇਕ ਗਰਮਤਿ ਖੋਜੀ ਦੀ ਕਲਮ ਤੋਂ)

ਗੁਰਮਤਿ ਪਾਂਧੀਆਂ ਪ੍ਰਤੀ ਬੇਨਤੀ ਹੈ ਕਿ ਗੁਰਮਤਿ ਸੰਬੰਧੀ ਜੋ ਪ੍ਰਸ਼ਨ ਪੁਛੇ ਜਾਂਦੇ ਹਨ, ਉਹ ਸੰਖੇਪ ਤੇ ਸ਼ੁਧ ਬੋਲੀ ਵਿਚ ਹੋਣੇ ਚਾਹੀਦੇ ਹਨ। ਨਾਲ ਹੀ ਜਿੱਥੇ ਪ੍ਰਸ਼ਨ ਕੇਵਲ ਗੁਰਮਤਿ ਸੰਬੰਧੀ ਹੋਣ, ਉਥੇ ਸਵਾਲਾਂ ਦੀ ਦੁਹਰਾਈ ਵੀ ਨਾ ਕੀਤੀ ਜਾਵੇ। ਡੂੰਘੀ ਖੋਜ ਵਾਲੇ ਪ੍ਰਸ਼ਨਾਂ ਦੇ ਉਤਰ ਲਈ ਕੁਝ ਚਿਰ ਉਡੀਕ ਕਰਨੀ ਪਵੇਗੀ। ਪ੍ਰਸ਼ਨ ੧੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

—ਐਡੀਟਰ

---

ਪ੍ਰਸ਼ਨ—੧. ਆਮ ਲੋਕਾਂ ਦਾ ਵਿਚਾਰ ਹੈ ਕਿ ਭਾਵੇਂ ਅੰਮਿਤ ਛਕ ਹੀ ਲਈਏ, ਦੇਹਧਾਰੀ ਗੁਰੂ ਤੋਂ ਬਿਨਾਂ ਮੁਕਤੀ ਨਹੀਂ। ਤੁਹਾਡੀ ਕੀ ਵਿਚਾਰ ਹੈ? (ਮਨਮੋਹਨ ਸਿੰਘ ਲੁਧਿਆਣਾ)

ਉਤਰ—ਅੰਮ੍ਰਿਤ ਛਕਣ ਤੋਂ ਪਿਛੋਂ ਉਹ ਮਨੁਖ ਹੀ ਦੇਹਧਾਰੀ ਗੁਰੂ ਦੀ ਭਾਲ ਕਰਦਾ ਹੈ—ਜੋ—

(੧) ਅੰਮ੍ਰਿਤ-ਨਾਮ ਰੂਪੀ ਬੀਜ ਇਸ ਸਰੀਰ ਰੂਪੀ ਧਰਤੀ ਵਿਚ ਬੀਜਣ ਤੋਂ ਪਹਿਲਾਂ ਇਸ ਨੂੰ ਤਿਆਰ ਨਹੀਂ ਕਰਦਾ।

(੨) ਜਾਂ ਅੰਮ੍ਰਿਤ-ਛਕਣ ਪਿਛੋਂ ਗੁਰਮਤਿ ਰਹਿਤ-ਬਹਿਤ, ਨਿਤਨੇਮ-ਸੰਗਤ ਨੂੰ ਛਡ ਦਿੰਦਾ ਹੈ।

(੩) ਜਾਂ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਨਾਮ ਅਭਿਆਸ ਤੇ ਬਿਬੇਕੀ ਪੱਖ ਤੋਂ ਊਣੇ ਹੁੰਦੇ ਹਨ ਤੇ ਅੰਮ੍ਰਿਤ-ਅਭਿਲਾਖੀਆਂ ਨੂੰ ਨਾਮ ਦ੍ਰਿੜ ਨਹੀਂ ਕਰਵਾ ਸਕਦੇ।

ਭਾਵੇਂ ਹਰ ਅੰਮ੍ਰਿਤਧਾਰੀ ਸਿਖ ਦਾ ਪਹਿਲਾ ਫ਼ਰਜ਼ ਬਣ ਜਾਂਦਾ ਹੈ ਕਿ ਨਾਮ-ਰਸੀਆਂ-ਮਹਾਂ ਪੁਰਸ਼ਾਂ ਦੀ ਸੰਗਤ ਕਰਕੇ ਉਹ ਆਪਣਾ ਜੀਵਨ

---

*ਕਹਿੰਦੇ ਹਨ ਕਿ ਅਸੀਂ ਅੰਮ੍ਰਿਤ ਛਕਨ ਤੋਂ ਬਿਨਾਂ ਹੀ ਪੂਰਨ ਸਿਖ ਹਾਂ। ਜਿਵੇਂ ਗੁਰੂ ਸਾਹਿਬਾਂ ਦੇ ਵਕਤ ਆਮ ਲੁਕਾਈ ਨੇ ਇਕੋ ਜੋਤਿ ਕਰ ਕੇ ਨ ਮੰਨਿਆ ਤੇ ਨੁਕਤਾਚੀਨੀ ਵਿਚ ਹੀ ਲਗੇ ਰਹੇ, ਪਰਖਨ ਵਿਚ ਹੀ ਰਹੇ ਤੇ ਪਲੇ ਕੁਛ ਨ ਪਿਆ। ਬਿਲਕੁਲ ਇਸੇ ਤਰੀਕੇ ਨਾਲ ਜਿਹਨਾਂ ਨੇ ਹੁਣ ਵੀ ਅੰਮ੍ਰਿਤ ਨੂੰ ਇਕ ਕਰ ਕੇ ਨ ਜਾਨਿਆ ਤੇ ਇਸ ਦੇ ਛਕਣ ਤੋਂ ਸੰਕੋਚ ਹੀ ਕਰਦੇ ਰਹੇ, ਉਹ ਵੀ ਖਾਲੀ ਹਥ ਜਨਮ ਗਵਾ ਕੇ ਇਸ ਸੰਸਾਰ ਤੋਂ ਕੂਚ ਕਰ ਜਾਣਗੇ। ਇਸ ਲਈ ਪਿਆਰਿਓ, ਗੁਰਮੁਖੋ ਗੁਰ-ਚਰਣ-ਪਹੁਲ ਅਤੇ ਖੰਡੇ ਦੇ ਅੰਮ੍ਰਿਤ ਵਿਚ ਕੋਈ ਭਿੰਨ ਭੇਦ ਨਹੀਂ ਹੈ। ਇਕ ਹੀ ਸ਼ਕਤੀ, ਇਕ ਹੀ ਜੋਤਿ ਹੈ, ਕੇਵਲ ਵਿਧੀ ਵਿਚ ਅੰਤਰ ਹੈ।

—੦—


www.AKJ.org

ਉਚਾ ਕਰੇ। ਪਰ ਕਿਸੇ ਮਹਾਂਪੁਰਸ਼ ਨੂੰ ਗੁਰੂ ਮੰਨਣ ਦਾ ਮਨ ਮੰਨ ਹੀ ਨਹੀਂ ਸਕਦਾ। ਨਾਲ ਜਿਹੜਾ ਮਹਾਂਪੁਰਸ਼ ਸੱਚ ਮੁਚ ਉਚ ਜੀਵਨ ਵਾਲਾ ਹੋਵੇ ਉਹ ਗੁਰੂ ਕਹਾਉਣ ਬਾਰੇ ਕਦੀ ਸੋਚ ਵੀ ਨਹੀਂ ਸਕਦਾ। ਹਾਂ! ਜਿਸ ਵਡਵਾਗੀ ਜਨ ਨੂੰ ਉਚੇ ਜੀਵਨ ਵਾਲੇ ਪੰਜ ਪਿਆਰਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ-ਛਕਦਿਆਂ ਸਾਰ ਨਾਮ ਦ੍ਰਿੜ ਹੋ ਜਾਂਦਾ ਹੈ ਤੇ ਕਿਣਕਾ ਮਾਤਰ ਵੀ ਨਾਮ-ਰਸ ਦਾ ਸੁਆਦ ਆ ਜਾਂਦਾ ਹੈ, ਉਸ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਮੇਸ਼ਾ ਹੀ ਪ੍ਰਤੱਖ ਤੇ ਹਾਜ਼ਰ-ਨਾਜ਼ਰ ਗੁਰੂ ਪ੍ਰਤੀਤ ਹੁੰਦੇ ਹਨ।

ਪ੍ਰਸ਼ਨ ੨—ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਸ਼ੀਸ਼ੇ ਵਿਚ ਜੜੇ ਸ਼ਬਦਾਂ ਜਾਂ ਤਸਵੀਰਾਂ ਨੂੰ ਮੱਥਾ ਟੇਕਣਾ ਕੀ ਬੁਤ ਪ੍ਰਸਤੀ ਹੈ?

ਉਤਰ—ਅਜਿਹੇ ਸੁਆਲਾਂ ਦਾ ਪੂਰਾ ਤੇ ਠੀਕ ਉਤਰ ਜਾਨਣ ਲਈ ਆਪ ਨੂੰ ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ? ਪੜ੍ਹਨੀ ਪਵੇਗੀ। ਬਾਕੀ ਘਰ ਵਿਚ ਲਗੀਆਂ ਤਸਵੀਰਾਂ ਜਾਂ ਸ਼ਬਦਾਂ ਦਾ ਅਸਲੀ ਮਤਲਬ ਇਨ੍ਹਾਂ ਅਗੇ ਮਥੇ ਟੇਕਣਾ ਨਹੀਂ, ਸਗੋਂ ਮਹਾਂਪੁਰਸ਼ਾਂ ਦੇ ਉਚੇ ਸੁਚੇ ਕਾਰਨਾਮਿਆਂ ਤੋਂ ਜਾਂ ਸ਼ਬਦਾਂ ਦੇ ਅਸਲੀ ਭਾਵ ਅਰਥਾਂ ਤੋਂ ਮਨ ਨੂੰ ਪਰੇਰਨਾਂ ਦੇਂਦੇ ਰਹਿਣਾ ਹੈ, ਜਿਸ ਦੀ ਹੋਂਦ ਕਰਕੇ ਸਾਡਾ ਮਨ-ਕਰਮਾਂ ਸਿਰ ਕਰਮਾਂ-ਗੁਰੂ ਗੁਰੂ ਧਿਆਉਣ ਵਿਚ ਲਗਾ ਰਹੇ।

ਪ੍ਰਸ਼ਨ ੩—ਮੈਂ ਇਕ ਸਾਲ ਤੋਂ 'ਸੂਰਾ' ਲਈ ਲੇਖ ਭੇਜ ਰਿਹਾ ਹਾਂ ਪਰ ਜੋ ਕੁਝ ਦੂਜਿਆਂ ਦੇ ਪੜ੍ਹਨ ਲਈ ਲਿਖਦਾ ਹਾਂ,ਉਨ੍ਹਾਂ ਵਿਚੋਂ ਕਈ ਗਲਾਂ ਆਪਣੇ ਜੀਵਨ ਤੇ ਨਹੀਂ ਘਟਦੀਆਂ। ਅਮਲੀ ਜੀਵਨ ਦੀ ਘਾਟ ਕਰਕੇ ਕੀ ਮੈਨੂੰ ਲੇਖ ਲਿਖਣੇ ਬੰਦ ਕਰ ਦੇਣੇ ਚਾਹੀਦੇ ਹਨ?

(ਭਾਈ ਮਾਲਿਕ ਸਿੰਘ ਕਾਨਪੁਰ)

ਉਤਰ—ਹਰ ਅੰਮ੍ਰਿਤ-ਧਾਰੀ ਸਿਖ, ਜੋ ਅੰਦਰਲੀਆਂ ਬਾਹਰਲੀਆਂ ਰਹਿਤਾਂ ਰਖਦਾ ਹੈ। ਸਿਮਰਨ-ਨਿਤਨੇਮ ਨੂੰ ਰੋਜ਼ਾਨਾ ਜੀਵਨ ਦਾ ਪਰੋਗਰਾਮ ਬਣਾਈ ਰਖਦਾ ਹੈ—ਜੇ ਉਹ ਸਿਖ ਇਤਿਹਾਸ ਤੇ ਗੁਰਬਾਣੀ ਨੂੰ ਖੋਜ ਕੇ, ਲਖਾਂ ਰਾਹੀਂ ਦੂਜਿਆਂ ਨੂੰ ਕੋਈ ਚਾਨਣ ਦਿੰਦਾ ਹੈ,ਤਾਂ ਸਭ ਭਲਾ ਹੀ ਹੈ ਪਰਚਾਰ ਖਾਤਰ ਏਨਾ ਕੁ ਅਮਲੀ ਜੀਵਨ ਹੋਣਾ ਜ਼ਰੂਰੀ ਹੈ। ਬਾਕੀ ਤੱਤ ਗੁਰਮਤਿ ਦੇ ਅਸੂਲਾਂ ਨੂੰ ਨਿਭਾਉਣਾ ਤਾਂ, ਖੰਡੇਧਾਰ ਗਲੀ ਅਤਿ ਭੀੜੀ' ਵਿਚੋਂ ਲੰਘਣ ਵਾਲੀ ਗਲ ਹੈ—ਜਿਸ ਨੂੰ ਕੋਈ ਕੋਈ ਮਰਜੀਵੜਾ ਹੋ ਕੇ ਲੰਘਦਾ ਹੈ।

ਪ੍ਰਸ਼ਨ ੪—ਦਾੜ੍ਹਾ ਬੰਨਣ ਦਾ ਰਿਵਾਜ ਕਦੋਂ ਪਿਆ? (ਜਗਦੀਸ਼ ਸਿੰਘ ਗੁਜਰਾਤ)

ਉਤਰ—ਸਿਖ ਰਾਜ ਵੇਲੇ ਦਾੜ੍ਹੀ ਬੰਨਣ ਦਾ ਰਿਵਾਜ ਪਿਆ। ਕੰਵਰ ਸ਼ੇਰ ਸਿੰਘ (ਜੋ ਮਹਾਰਾਜਾ ਰਣਜੀਤ ਦਾ ਪੁਤਰ ਸੀ) ਨੇ ਸਭ ਤੋਂ ਪਹਿਲਾਂ ਦਾੜ੍ਹੀ ਬੰਨ੍ਹੀ।

ਪ੍ਰਸ਼ਨ ੫—ਛੋਟੀ ਸ੍ਰੀ ਸਾਹਿਬ ਕਦੋਂ ਤੋਂ ਪ੍ਰਚਲਤ ਹੋਈ?

ਉਤਰ—ਮੇਰੇ ਖਿਆਲ ਵਿਚ ਗੁਰੂ ਸਾਹਿਬ ਵੇਲੇ ਤੋਂ ਹੀ ਛੋਟੀ ਸ੍ਰੀ ਸਾਹਿਬ (ਰਹਿਤ ਵਜੋਂ) ਪ੍ਰਚਲਤ ਹੋ ਗਈ ਸੀ।

ਪਸ਼ਨ ੬—ਕੀ ਮਾਹਵਾਰੀ ਦੇ ਦਿਨਾਂ ਵਿਚ ਇਕ ਅੰਮ੍ਰਿਤਧਾਰੀ ਬੀਬੀ ਗੁਟਕੇ ਤੋਂ ਨਿਤਨੇਮ ਕਰ ਸਕਦੀ ਹੈ?

ਉਤਰ—ਹਾਂ, ਨਿਤਨੇਮ ਕਰ ਸਕਦੀ ਹੈ। ਕਿਉਂਕਿ ਇਹ ਕੋਈ ਬੀਮਾਰੀ ਜਾਂ ਅਪਵਿੱਤਰ ਕਰਮ ਨਹੀਂ। ਸਗੋਂ ਕੁਦਰਤ ਆਪਣੇ ਨੇਮ ਅਨੁਸਾਰ ਸਰੀਰਕ ਕਿਰਿਆ ਜਾਰੀ ਰਖਦੀ ਹੈ।

ਪ੍ਰਸ਼ਨ ੭—ਕੀ ਸ੍ਰੀ ਅਖੰਡ ਪਾਠ ਦੇ ਆਰੰਭ ਵੇਲੇ ਕੁੰਭ ਰਖਣਾ ਜ਼ਰੂਰੀ ਹੈ?

ਉਤਰ—ਕੋਰੇ ਘੜੇ ਵਿਚ ਜਲ ਪਾਕੇ ਅਤੇ ਬੰਨ ਕੇ ਕੁੰਭ ਰਖਣਾ ਚੰਗਾ ਹੀ ਹੈ। ਜੇ ਕਿਸੇ ਕਾਰਣ ਕਰਕੇ ਨਾ ਰਖਿਆ ਜਾ ਸਕੇ, ਤਾਂ ਵਹਿਮ ਨਹੀਂ ਕਰਨਾ ਚਾਹੀਦਾ। ਕੁੰਭ ਵਾਲਾ ਜਲ ਅੰਮ੍ਰਿਤ ਤਿਆਰ ਕਰਨ ਤੇ ਹੋਰ ਸ਼ੁਭ ਕਰਮਾਂ ਲਈ ਵਰਤਿਆ ਜਾ ਸਕਦਾ ਹੈ।

www.AKJ.Org

# ਪੰਜਾਂ ਦਾ ਇਕ ਨੁਸਖਾ

( ਪ੍ਰੋ: ਗੁਰਮੁਖ ਸਿੰਘ ਜੀ ਐਮ. ਏ. ਪਟਿਆਲਾ )

ਕੁਝ ਦਿਨ ਹੋਏ ਸਾਨੂੰ ਕਿਸੇ ਗੁਰਮੁਖ ਸੰਤ ਮਹਾਂਪੁਰਸ਼ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਮਤਿ ਦੇ ਵਖ ਵਖ ਪਹਿਲੂ ਤੇ ਵਿਚਾਰ ਵਟਾਂਦਰਾ ਹੋ ਰਿਹਾ ਸੀ। ਅਚਾਨਕ ਮਹਾਂਪੁਰਸ਼ਾਂ ਨੇ ਇਕ ਬੜਾ ਡੂੰਘਾ ਤੇ **ਅ**ਦਭੁਤ ਵਿਚਾਰ ਪ੍ਰਗਟ ਕੀਤਾ:—ਕਹਿਣ ਲਗੇ ਗੁਰਮਤਿ ਨੇ ਸਰੀਰ ਦੀ ਰਚਨਾ ਵਿਚ ਪ੍ਰਯੋਗ ਹੋਣ ਵਾਲੇ ਕੇਵਲ ਪੰਜਾਂ ਤੱਤਾਂ ਨੂੰ ਮੰਨਿਆ ਹੈ, ਭਾਵੇਂ ਇਸਲਾਮ ਚਾਰਾਂ ਨੂੰ ਤੇ ਵੇਦਾਂਤੀ ਚੌਠ ਤੱਤਾਂ ਨੂੰ ਮੰਨਦੇ ਹਨ। ਸਤਿਗੁਰੂ ਹੀ ਰਮਜ਼ਾਂ ਜਾਨਣ। ਇਸ ਪੰਜ-ਭੌਤਕ ਸਰੀਰ ਦੀ ਸੋਧ ਸੁਧਾਈ ਲਈ ਜੋ ਅੰਮ੍ਰਿਤ ਤਿਆਰ ਕੀਤਾ ਗਿਆ ਉਹ ਪੰਜ ਪਿਆਰਿਆਂ ਤੋਂ ਪੰਜ ਬਾਣੀਆਂ ਦਾ ਪਾਠ ਕਰਕੇ, ਤਿਆਰ ਕਰਨ ਅਤੇ ਛਕਾਉਣ ਦਾ ਹੁਕਮ ਅਤੇ ਵਿਧਾਨ ਕੀਤਾ। ਬੜਾ ਸੁੰਦਰ ਸੁਮੇਲ ਹੈ (Coincidence) ਕਿ **ਪੰਜ-ਭੌਤਕ** ਸਰੀਰ ਨੂੰ ਸੋਧਨ ਲਈ **ਪੰਜਾਂ** ਦੁਆਰਾ ਤਿਆਰ ਕੀਤਾ ਗਿਆ **ਪੰਜ** ਬਾਣੀਆਂ ਦਾ ਅੰਮ੍ਰਿਤ, **ਪੰਜ** ਹੀ ਛਕਾਣ ਅਤੇ ਇਸ ਅੰਮ੍ਰਿਤ ਸੰਜੀਵਣੀ ਰਸਾਇਣ ਨੂੰ ਭੁੰਚ ਕੇ ਇਕ ਦੁਰਬਲ ਪ੍ਰਾਣੀ **ਪੰਜਾਂ-ਦੋਖੀਆਂ**, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਚਨੌਤੀ ਦੇ ਕੇ ਜਿੱਤਣ ਦਾ ਸਾਹਿਸ ਰਖਦਾ ਹੈ, ਪਰ ਮਹਾਂਪੁਰਸ਼ਾਂ ਦਾ ਕਹਿਣਾ ਤਾਂ ਇਹ ਸੀ ਸ੍ਰੀ ਦਸਮੇਸ਼ ਜੀ ਨੇ ਜੇਹੜੀਆਂ ਪੰਜ ਬਾਣੀਆਂ ਅੰਮ੍ਰਿਤ ਛਕਾਉਣ ਲਈ ਚੁਣੀਆਂ ਉਹ ਬਾਣੀਆਂ ਪੰਜ ਦੋਖੀਆਂ ਵਿਚੋਂ ਕਲੇ ਕਲੇ ਨੂੰ ਦਲਨ ਲਈ ਸਮਰਥ ਹਨ। ਜਿਸ ਤਰਾਂ ਡਾਕਟਰ ਮਰੀਜ਼ ਦੀ ਸ਼ਨਾਖ਼ਤ ਕਰਕੇ ਦਸ ਦਿੰਦਾ ਹੈ ਇਸਨੂੰ ਫ਼ਲਾਨੀ ਵਿਟਾਮਿਨ ਦੀ ਘਾਟ ਹੋ ਗਈ ਹੈ, ਉਸਦੇ ਸੇਵਨ ਨਾਲ ਸੇਹਤ ਠੀਕ ਹੋ ਜਾਏਗੀ। ਵਰਤਮਾਨ ਸਮੇਂ ਵਿਚ ਸਿਖ ਪੰਥ ਦੀ ਨਿਘਰਦੀ ਹਾਲਤ ਨੂੰ ਵਖਦਿਆਂ ਇਹ ਗਲ ਖੋਜ ਦਾ ਵਿਸ਼ਾ ਹੋਣਾ ਚਾਹੀਦਾ ਹੈ ਕਿ ਅਜ ਦਾ ਸਿਖ ਇਹਨਾਂ ਪੰਜ ਬਾਣੀਆਂ ਵਿਚੋਂ ਕਿਸ ਬਾਣੀ ਦਾ ਵਧੇਰੇ ਰਸ ਭੁੰਚੇ ਤਾਂਕਿ ਉਹ ਸਾਵਧਾਨ ਹੋ ਜਾਏ। ਗੁਰਵਾਕ ਹੀ ਸਕੇਤ ਦੇ ਰਹੇ ਹਨ:

"ਜਹਿ ਤਨ ਬਾਣੀ ਵਿਸਰ ਜਾਇ॥ ਜਿਉ ਪੱਕਾ ਰੋਗੀ ਵਿਲਲਾਇ॥

ਬਾਣੀ ਨੂੰ ਵਿਸਾਰਨਾ ਹੀ ਰੋਗਾਂ ਨੂੰ ਸੱਦਾ ਦੇਣਾ ਹੈ, ਪਰ ਇਹ ਗਲ ਜਚਦੀ ਹੈ ਕਿ ਪੰਜ ਬਾਣੀਆਂ ਕ੍ਰਮਵਾਰ ਹੇਠ ਲਿਖੇ ਅਸਾਧ ਰੋਗਾਂ ਦਾ ਇਲਾਜ ਹੋਣ।

(੧) ਸ੍ਰੀ ਜਪੁਜੀ ਸਾਹਿਬ ...... ਕਾਮ ਰੋਗ ਲਈ।
(੨) ਸ੍ਰੀ ਜਾਪੁ ਸਾਹਿਬ ...... ਕ੍ਰੋਧ "
(੩) ਸਵਯੇ ਪਾ: ੧੦ ...... ਲੋਭ "
(੪) ਚੋਪਈ ਸਾਹਿਬ ...... ਮੋਹ "
(੫) ਅਨੰਦ ਸਾਹਿਬ ...... ਅਹੰਕਾਰ "

ਵੈਸੇ ਤਾਂ ਸਾਰੀ ਬਾਣੀ ਇਸ ਕਾਰਜ ਲਈ ਸਮਰਥ ਹੈ ਪਰ ਸ੍ਰੀ ਦਸਮੇਸ਼ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਸਾਰੀ ਬਾਣੀ ਵਿਚੋਂ ਕੇਵਲ ਪੰਜਾਂ ਦੀ ਚੋਣ ਕੀਤੀ। ਭਾਵੇਂ ਸਿਖ ਰਵਾਇਤਾਂ ਵਿਚ ਇਹ ਗਲ ਹੁਣ ਤਕ ਨਹੀਂ ਆਈ ਕਿ ਕੇਹੜੀ ਬਾਣੀ ਕਿਸ ਉਪਰੋਕਤ ਅਸਾਧ ਰੋਗ ਲਈ ਹੈ। ਅਜ ਯਗ ਖੋਜ ਦਾ ਹੈ। ਕੀ ਉਪਰੋਕਤ ਤਥ (Hypothesis) ਸਾਡੀ ਖੋਜ ਦਾ ਵਿਸ਼ਾ ਨਹੀਂ ਬਣ ਸਕਦੇ? ਆਓ ਅਸੀਂ ਅਜ ਪਿਉ ਦਾਦੇ ਦਾ ਖ਼ਜ਼ਾਨਾ ਖੋਜੀਏ ਤੇ ਖੋਜ ਦੇ ਸਿੱਟੇ ਕਠੇ ਕਰਕੇ ਸਭ ਨਾਲ ਵੰਡਾਈਏ।


www.AKJ.Org

# ਸਾਲਾਨਾ ਕੀਰਤਨ ਸਮਾਗਮ ਡਾਲੋ ਮਾਜਰਾ

ਸਨਿਮਰ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ੨੮, ੨੯ ਤੇ ੩੦ ਮਾਰਚ ੧੯੬੮ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਪਿੰਡ ਡਾਲੋ ਮਾਜਰਾ (ਰਾਜਪੁਰਾ-ਸਰਹੰਦ ਸੜਕ ਤੇ) ਵਿਖੇ ਹਰਿਜਸ ਕੀਰਤਨ ਦੀਆਂ ਘੁਮਰਾਂ ਪਾਉਣਗੇ। ਆਪ ਜੀ ਸਹਿਤ ਪ੍ਰਵਾਰ, ਸੰਗੀ ਸਾਥੀਆਂ ਦੇ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ ਜੀ। ਅੰਮ੍ਰਿਤ ਸੰਚਾਰ ਸਨਿਚਰਵਾਰ ਦੋ ਵਜੇ ਸ਼ੁਰੂ ਹੋਵੇਗਾ।

## * ਪ੍ਰੋਗਰਾਮ ਕੀਰਤਨ ਸਮਾਗਮ *

28-3-68 ਵੀਰਵਾਰ—ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਤੇ ਅਰੰਭ ਅਖੰਡ ਪਾਠ।

30-3-68 ਸ਼ਨੀਚਰਵਾਰ—ਅੰਮ੍ਰਿਤ ਵੇਲੇ ਭੋਗ ਸ਼੍ਰੀ ਅਖੰਡ ਪਾਠ ਤੇ ਕੀਰਤਨ ਆਸਾ ਜੀ ਦੀ ਵਾਰ।

30-3-68 **ਕੀਰਤਨ ਰੈਣ ਸਬਾਈ** ਸ਼ਾਮ ਨੂੰ 8 ਵਜੇ ਸ਼ੁਰੂ ਹੋ ਕੇ 31-3-68 ਦਿਨ ਐਤਵਾਰ ਅੰਮ੍ਰਿਤ ਵੇਲੇ ਸਮਾਪਤੀ ਹੋਵੇਗੀ।

ਨੋਟ:—1. ਪਿੰਡ ਡਾਲੋ ਮਾਜਰਾ, ਰਾਜਪੁਰਾ ਤੋਂ ਸਰਹੰਦ ਵਾਲੀ ਸੜਕ ਤੇ ਨੌਵੇਂ ਮੀਲ ਤੇ ਹੈ।
2. ਡਾਲੋਮਾਜਰਾ ਸਰਹੰਦ ਤੋਂ ਰਾਜਪੁਰਾ ਵਾਲੀ ਸੜਕ ਤੇ ਸਤਵੇਂ ਮੀਲ ਤੇ ਹੈ। 3. ਰੇਲ ਗਡੀ ਤੇ ਆਉਣ ਵਾਲੀ ਸੰਗਤ ਸਾਧੂਗੜ੍ਹ ਸਟੇਸ਼ਨ ਤੇ ਉਤਰ ਕੇ ਜੀ.ਟੀ. ਰੋਡ ਰਾਜਪੁਰਾ ਦੀ ਤਰਫ਼ ਡੇਢ ਮੀਲ ਨੂੰ ਜਾਵੇ।
4. ਪ੍ਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ। ਚਰਨਧੂੜ ਦੇ ਜਾਚਕ—

**ਸੰਗਤ ਪਿੰਡ ਡਾਲੋਮਾਜਰਾ**

---

Statement about ownership and other particulars about newspaper 'SURA' to be published in the first issue every year after last day of February.

FORM IV

(See Rule (8)

| | |
|---|---|
| 1. Place of publication | Patiala |
| 2. Periodicity of its publication | Monthly |
| 3. Printer's Name | Manohar Singh |
| Nationality | Indian |
| Adress | Ragho Majra Patiala. |
| 4. Publishers Name | Manohar Singh |
| Nationality | Indian |
| Address | Ragho Majra, Patiala |
| 5. Editors Name | Manohar Singh |
| Nationality | Indian |
| Adress | Ragho Majra Patiala |
| 6. Names and address of individuals who own the newspaper and partners or share holders holding more than one per cent of the total Capital. | for Akhand Keertani Jatha Patiala. |

I Manohar Singh, hereby declare that the particulars given above are true to the best of my knowledge and belief.

Date 5th March 1968. Signature of Publisher Manohar Singh

www.AKJ.Org

# ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ

( ਲੜੀ ਨੰਬਰ ੫ )

## ਹਜ਼ੂਰੀ ਕੀਰਤਨ ਅਤੇ ਗੁਰਦੁਆਰਾ ਸਾਹਿਬ ਸ਼ਿਕਾਰ ਘਾਟ ਲਈ ਤਿਆਰੇ

ਮਿਤੀ 12-10-67 ਨੂੰ ਸੰਗਤਾਂ ਨੇ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਹਜ਼ੂਰੀ ਕੀਰਤਨ ਤਖਤ ਸਾਹਿਬ ਵਿਖੇ ਕੀਤਾ ਜੋ ਬੜੀ ਹੀ ਚੜ੍ਹਦੀ ਕਲਾ ਵਿਚ ਹੋਇਆ ੬ ਬਜੇ ਭੋਗ ਪਾ ਸੰਗਤਾਂ ਨੇ ਸ਼ਿਕਾਰ ਘਾਟ ਲਈ ਕਮਰ ਕਸੇ ਕਰ ਲਏ।

## ਦਰਸ਼ਨ ਗੁਰਦੁਆਰਾ ਸਾਹਿਬ ਸ਼ਿਕਾਰ ਘਾਟ

ਸੰਗਤਾਂ ਸਵੇਰੇ 8 ਵਜੇ ਤਿਆਰ ਹੋ ਬਸਾਂ ਰਾਹੀਂ ਸ਼ਿਕਾਰ ਘਾਟ ਪੁਜੀਆਂ। ਬਸਾਂ ਗੁਦਾਵਰੀ ਨਦੀ ਦੇ ਇਸ ਕੰਢੇ ਹੀ ਰਹਿ ਗਈਆਂ ਅਤੇ ਸੰਗਤਾਂ ਬੇੜੀ ਚੜ੍ਹ ਵਾਹਿਗੁਰੂ ੨ ਜਪਦੀਆਂ ਪਾਰ ਹੋਈਆਂ । ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਦਸ ਮੀਲ ਅਤੇ ਗੁਰਦੁਆਰਾ ਸ੍ਰੀ ਮਾਤਾ ਸਾਹਿਬ ਕੌਰ ਜੀ ਤੋਂ ਤਿੰਨ ਮੀਲ ਨਦੀ ਕੰਢੇ, ਇਕ ਛੋਟੀ ਪਹਾੜੀ ਤੇ ਸ਼ਸ਼ੋਭਤ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਬਚਨਾਂ ਅਨੁਸਾਰ ਦਸਮੇਸ਼ ਪਿਤਾ ਜੀ ਨੇ, ਸਿਆਲਕੋਟ ਵਾਲੇ ਬੇਮੁਖ ਹੋਏ ਮੂਲੇ ਖਤਰੀ ਦਾ, ਸਹੇ ਦੀ ਜੂਨ ਤੋਂ ਇਥੇ ਹੀ ਉਧਾਰ ਕੀਤਾ ਸੀ। ਅਤੇ ਮੌਜੂਦਾ ਪਹਾੜੀ ਤੇ ਬਿਰਾਜਮਾਨ ਹੋ ਕੇ ਸਾਹਿਬਾਂ ਨੇ ਫੁਰਮਾਇਆ : ਖਾਲਸਾ ਜੀ ! ਇਥੇ ਤਾਂ ਅਨੰਦਪੁਰ ਵਾਲੀ ਮਿਠੀ ਪੌਣ ਆਉਂਦੀ ਹੈ। ਕੁਝ ਸਿੰਘਾਂ ਨੇ ਬੇਨਤੀ ਕੀਤੀ, ਮਹਾਰਾਜ ਜੀ ਅਨੰਦਪੁਰ ਸਾਹਿਬ ਤਾਂ ਸਾਰੇ ਹੀ ਬਿਰਧ, ਬਚੇ ਬੜੀ ਦੂਰੋਂ ੨ ਪੁਜ, ਹਜ਼ੂਰ ਦੇ ਚਰਨ ਕੰਵਲ ਪ੍ਰਸ ਜਨਮ ਸਫਲੇ ਕਰਦੇ ਹਨ, ਪਰੰਤੂ ਐਨੀ ਦੂਰ ਇਥੇ ਕੇਹੜਾ ਸੂਰਮਾਂ ਆਵੇਗਾ। ਸਾਹਿਬਾਂ ਨੇ ਵਰ ਦਿਤਾ ਖਾਲਸਾ ਜੀ ! ਇਥੇ ਸੂਰਮਿਆਂ ਦੀ ਹੀ ਨਹੀਂ ਸਗੋਂ ਇਥੇ 60,70 ਵਰ੍ਹੇ ਦੇ ਬਿਰਧਾਂ ਦੀ ਆਸ ਰਖਾਂਗੇ। ਇਸ ਗੁਰਦੁਆਰਾ ਸਾਹਿਬ ਨੂੰ ਪੁਜਣ ਲਈ ਨਦੀ ਪਰ ਪੁਲ ਤਿਆਰ ਹੋ ਰਿਹਾ ਹੈ ਜੋ ਅਧਾ ਬਣ ਚੁਕਾ ਹੈ।

## ਗੁਰਦੁਆਰਾ ਮਾਤਾ ਸਾਹਿਬ ਦੇ ਦਰਸ਼ਨ

ਇਹ ਗੁਰਦੁਆਰਾ ਹੀਰਾ ਘਾਟ ਤੋਂ ਪੌਣਾ ਮੀਲ ਅਤੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ੭ ਮੀਲ ਪੂਰਬ ਦਿਸ਼ਾ ਨੂੰ ਨਦੀ ਕੰਢੇ ਸ਼ਸ਼ੋਭਤ ਹੈ। ਸਾਹਿਬਾਂ ਦੇ ਹੀਰਾ ਘਾਟ ਪਰਗਟ ਕਰਨ ਤੇ ਪੰਥ


www.AKJ.org

ਖਾਲਸੇ ਦੀ ਪੂਜਨੀਕ ਮਾਤਾ ਸਾਹਿਬ ਕੌਰ ਜੀ ਦੇ ਇਥੇ ਡੇਰੇ ਲਗਾਏ ਗਏ ਸਨ। ਇਥੇ ਨੌ ਮਹੀਨੇ ਤੇ ਨੌ ਦਿਨ, ਮਾਤਾ ਜੀ ਨਾਮ ਬਾਣੀ ਦਾ ਆਨੰਦ ਮਾਣ ਕੇ ਸਾਹਿਬਾਂ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਦਰਸ਼ਨਾਂ ਲਈ ਗੁਰੂ ਜੀ ਦੇ ਸ਼ਸ਼ਤਰ ਨਾਲ ਲੈਕੇ, ਦਾਤਾ ਜੀ ਦੀ ਆਗਿਆ ਅਨੁਸਾਰ ਦਿਲੀ ਨੂੰ ਚਲੇ ਗਏ ਸਨ।

ਜਦ ਸੰਗਤਾਂ ਨੇ ਗੁਰਦੁਆਰਾ ਸ਼ਿਕਾਰ ਘਾਟ ਤੋਂ ਚਾਲੇ ਪਾਏ ਤਾਂ ਕੁਝ ਸੰਗਤਾਂ ਸਿਧੇ ਰਸਤੇ ਪਹਾੜੀ ਦੇ ਨਾਲ ਨਾਲ ਹੋ ਤੁਰ ਪਈਆਂ ਅਤੇ ਕੁਝ ਸੰਗਤਾਂ ਸੜਕ ਦੇ ਰਸਤੇ ਤੁਰ ਪਈਆਂ ਜੋ ਰਸਤਾ ਕਾਫੀ ਲੰਮਾ ਸੀ। ਕੁਝ ਸੰਗਤਾਂ ਗਡੇ ਪਹਾੜੇ ਪਰ ਕਰਕੇ ਸਵਾਰ ਹੋ ਗਈਆਂ। ਜੋ ਸੰਗਤਾਂ ਸੜਕ ਰਾਹੀਂ ਗਈਆਂ, ਆਰਾਮ ਨਾਲ ਪੁਜ ਗਈਆਂ ਪ੍ਰੰਤੂ ਸਿਧੇ ਰਸਤੇ ਵਾਲੀਆਂ ਸੰਗਤਾਂ ਨੂੰ ਰਸਤੇ ਵਿਚ ਇਕ ਨਦੀ ਦਾ ਖਾਲਾ ਪੈਂਦਾ ਸੀ। ਜਦ ਸੰਗਤਾਂ ਨਾਲੇ ਵਿਚ ਦੀ ਲੰਘਣ ਲਗੀਆਂ ਤਾਂ ਵਿਚ ਹੀ ਗਡਣ



ਲਗ ਗਈਆਂ ਕਿਉਂਕਿ ਇਥੇ ਬਹੁਤ ਹੀ ਦਲਦਲ ਸੀ। ਜੇਹੜਾ ਇਕ ਦੂਜੇ ਨੂੰ ਕਢਣ ਜਾਵੇ, ਉਹ ਭੀ ਧਸੀ ਜਾਵੇ ਤਕਰੀਬਨ ਸਾਰਿਆਂ ਦੇ ਹੀ ਕਪੜੇ ਖਰਾਬ ਹੋ ਗਏ ਅਤੇ ਬੜੇ ਹਾਸੋ-ਹੀਣੀ ਗਲ ਬਣੀ। ਭਾ: ਜੀਵਣ ਸਿੰਘ ਜੀ ਰਾਗੀ ਲੁਧਿਆਣਾ ਨੇ ਦਲਦਲ ਵਿਚ ਫਸੇ ਹੋਏ ਨੇ ਇਸ ਸ਼ਬਦ ਦਾ ਕੀਰਤਨ ਸ਼ੁਰੂ ਕਰ ਦਿਤਾ:—

ਮੋਹਿ ਚੀਕੜ ਫਾਥੇ ਨਿਗਰਤ ਹਮ ਜਾਤੇ।
ਬਾਂਹ ਪ੍ਰਭੂ ਪਕੜਾਏ ਜੀਓ॥

ਪਿਛੇ ਪਿਛੇ ਸੰਗਤਾਂ ਸ਼ਬਦ ਪੜਣ ਅਤੇ ਹਸਦੀਆਂ, ਕਪੜਿਆਂ ਨੂੰ ਸਵਾਰਦੀਆਂ ਜਾਏ ਮਾਤਾ ਸਾਹਿਬ ਕੌਰ ਦੇ ਗੁਰਦੁਆਰੇ ਦੇ ਦਰਸ਼ਨ ਕੀਤੇ। ਦਸ ਵਜ ਚੁਕੇ ਸਨ ਅਤੇ ਲੰਗਰ ਤਿਆਰ ਹੋ ਚੁਕਾ ਸੀ। ਸੰਗਤਾਂ ਲੰਗਰ ਛਕਣ ਬੈਠ ਗਈਆਂ। ਲੰਗਰ ਛਕਣ ਦਾ ਬਹੁਤ ਅਨੰਦ ਆਇਆ ਭਾਵੇਂ ਇਥੇ ਪ੍ਰਸ਼ਾਦਾ ਜਵਾਰ ਦਾ ਹੀ ਤਿਆਰ ਹੁੰਦਾ ਹੈ। ਇਸ ਗੁਰਦੁਆਰੇ ਵਿਚ ਜਲ ਬਹੁਤ ਨਿਰਮਲ ਅਤ ਠੰਡਾ ਹੈ। ਇਸ ਨਾਲ ਦਾ ਸੁਆਦੀ, ਮਿਠਾ ਨਿਰਮਲ ਅਤੇ ਠੰਡਾ ਜਲ ਇਸ ਇਲਾਕੇ ਵਿਚ ਕਿਸੇ ਅਸਥਾਨ ਨਹੀਂ ਡਿਠਾ। ਜਲ ਦੇ ਪੀਣ ਨਾਲ ਪਿਛਲੀ ਸਾਰੀ ਤਕਲੀਫ ਅਤੇ ਥਕਾਵਟ ਸੰਗਤਾਂ ਭੁਲ ਗਈਆਂ ਅਤੇ ਅਗਲੇ ਸਫਰ ਲਈ ਕਮਰ ਕਸ ਕਰ ਲਏ।

## ਦਰਸ਼ਨ ਗੁਰਦੁਆਰਾ ਸਾਹਿਬ ਹੀਰਾ ਘਾਟ

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਛੇ ਮੀਲ ਪੂਰਬ ਦਿਸ਼ਾ ਵਲ ਨੂੰ ਨਦੀ ਕੰਢ, ਪਿੰਡ ਬਾਹਮਣ ਵਾੜਾ ਤੋਂ ਇਕ ਫ਼ਰਲਾਂਗ ਦੀ ਵਿਥ ਤੇ ਸ਼ਸ਼ੋਭਤ ਹੈ। ਬਹਾਦਰਸ਼ਾਹ ਬਾਦਸ਼ਾਹ ਨੇ ਇਕ ਬਹੁਮੁਲਾ ਹੀਰਾ ਸਾਹਿਬਾਂ ਦੀ ਭੇਟਾ ਕੀਤਾ, ਸ਼ਾਹ ਦਾ ਹੰਕਾਰ ਨਵਿਰਤ ਕਰਨ ਲਈ, ਸਾਹਿਬਾਂ


www.AKJ.Org

ਨੇ ਸ਼ਾਹ ਦੇ ਵੇਖਦੇ ਉਹ ਹੀਰਾ ਨਦੀ ਵਿਚ ਸੁਟ ਦਿਤਾ, ਜਿਸ ਨੂੰ ਵੇਖ ਕੇ ਬਾਦਸ਼ਾਹ ਬਹੁਤ ਹੀ ਚਿੰਤਾਤੁਰ ਹੋਇਆ । ਫਿਰ ਸਾਹਿਬਾਂ ਨੇ ਮੁਸਕਰਾਉਂਦਿਆਂ ਫੁਰਮਾਇਆ 'ਵੇਖੋ ਸ਼ਾਹ ਜੀ' ਨਦੀ ਦਾ ਨਿਰਮਲ ਜਲ ਕਿਸਤਰਾਂ ਆਪਣੇ ਅਨੰਦ ਵਿਚ ਝਲਮਲ ਝਲਮਲ ਕਰਦਾ ਵਗ ਰਿਹਾ ਹੈ। ਸ਼ਾਹ ਨੇ ਜਦੋਂ ਨਦੀ ਵਿਚ ਵੇਖਿਆ ਤਾਂ ਉਥੇ ਬੇਅੰਤ ਹੀ ਬਹੁਮੁਲੇ ਹੀਰੇ ਪਏ ਵੇਖੇ, ਸ਼ਰਮਸ਼ਾਰ ਹੋ ਸਾਹਿਬਾਂ ਦੇ ਚਰਨ ਫੜ ਲਏ ਅਤੇ ਆਪਣੀ ਭੁਲ ਬਖਸ਼ਵਾਈ। ਇਸ ਅਸਥਾਨ ਦੇ ਦਰਸ਼ਨ ਕਰਦੇ ਹੀ ਸੰਗਤਾਂ ਕੁਝ ਸੜਕ ਰਾਹੀਂ ਅਤੇ ਕੁਝ ਦਿਥੋਂ ਹੀ ਬੇੜੀ ਪਾਰ ਕਰ ਵਾਪਸ ਬਸਾਂ ਵਲ ਨੂੰ ਚਾਲੇ ਪਾਏ। ਦੋ ਵਜੇ ਸਾਰੀ ਸੰਗਤ ਬਸਾਂ ਪਰ ਬੈਠ ਵਾਪਸ ਸ੍ਰੀ ਸੱਚਖੰਡ ਪੁਜੀਆਂ ਅਤੇ ਮਹਲੇ ਦੀ ਰੌਣਕ ਦੇਖਣ ਵਿਚ ਸ਼ਾਮਲ ਹੋ ਗਈਆਂ।

## ਦਰਸ਼ਨ ਮਹਲਾ ਸ੍ਰੀ ਸੱਚਖੰਡ ਸਾਹਿਬ

ਸੱਚਖੰਡ ਪੁਜ ਕੇ ਵੇਖਿਆ ਕਿ ਨਿਹੰਗਾਂ ਨੇ ਬਕਰਾ ਝਟਕ ਕੇ ਸ੍ਰੀ ਮਜੀ ਸਾਹਿਬ ਦੇ ਦਵਾਲੇ ਪਏ ਸ਼ਸ਼ਤਰਾਂ ਨੂੰ ਤਿਲਕ ਲਾਇਆ ਜਾ ਰਿਹਾ ਸੀ ਜੋ ਖਿਲਕੁਲ ਮਨਮਤ ਹੈ ਅਤੇ ਹਿੰਦੂ ਰਿਵਾਜ ਹੈ। ਥੋੜੀ ਦੇਰ ਮਗਰੋਂ ਵੇਖਿਆ ਗਿਆ ਕਿ ਮਹਾਰਾਜ ਦੇ ਘੋੜੇ ਲਿਆ ਕੇ ਖੜੇ ਕੀਤੇ ਗਏ, ਜੋ ਬਹੁਤ ਹੀ ਸ਼ਿੰਘਾਰੇ ਹੋਏ ਹਨ ਅਤ ਲੋਕੀ ਘੋੜਿਆਂ ਦੇ ਪੈਰੀਂ ਹਥ ਲਾ ਰਹੇ ਸਨ ਅਤੇ ਨਿਹੰਗ ਸਿੰਘ ਆਪਣੇ ਗਤਕੇ ਦੇ ਕਰਤਬ ਦਿਖਾ ਰਹੇ ਸਨ। ਮਰਾਠੀ ਲੋਕ ਲਾਲ ਪਗੜੀਆਂ ਬੰਨ੍ਹੀਂ ਆਪਣੀ ਬੋਲੀ ਵਿਚ ਗੁਰੂ ਸਾਹਿਬਾਂ ਦੀ ਉਸਤਤ ਵਿਚ ਸ਼ਬਦ ਪੜ੍ਹ ਰਹੇ ਸਨ ਜੋ ਰਾਤ ਭੀ ਗੁਰੂ ਸਾਹਿਬ ਹਜ਼ੂਰੀ ਵਿਚ ਚੌਕੀ ਭਰਦੇ ਦੇਖੇ ਗਏ।

ਰਾਤ ਸੁਪਨੇ ਮੈਂ ਗੋਬਿੰਦ ਆਇਓ ਰੇ।
ਰਾਤ ਸੁਪਨੇ ਮੈਂ ਗੋਬਿੰਦ, ਆਇਓ ਰੇ।।

ਸ਼ਾਮ ਨੂੰ ਪੰਜ ਵਜੇ ਬੈਂਡ ਵਾਜੇ ਨਾ ਮਹਲਾ ਰਵਾਨਾ ਹੋਇਆ ਤਾਂ ਇਥੋਂ ਦੇ ਪੁਜਾ ਮੋਨੀ ਜੀ ਭੀ ਸੱਜ ਧੱਜ ਨਾਲ ਨਿਕਲੇ। ਸਾ ਖਿਆਲ ਸੀ ਕਿ ਗੁਰੂ ਮਹਾਰਾਜ ਦੀ ਸਵਾਰੀ ਮਹਲੇ ਨਾਲ ਹੋਵੇਗੀ ਪਰੰਤੂ ਓਥੇ ਵੇਖਿਆ ਗਿ ਕਿ ਮੋਨੀ ਜੀ ਦੀ ਹੀ ਪੂਜਾ ਹੋ ਰਹੀ ਸੀ ਬਿਲਕੁਲ ਮਨਮਤ ਸੀ। ਸਾਡੇ ਤੋਂ ਇਹ ਵੇਖਿਆ ਗਿਆ, ਪਰ ਅਸੀਂ ਕਰ ਭੀ ਕੀ ਸਕ ਸਾਂ ਕਿਉਂਕਿ ਇਥੇ ਸ਼ੁਰੂ ਤੋਂ ਹੀ ਮਨਮਤ ਚ ਆਉਂਦੀ ਹੈ। ਮਰਾਠੀ ਲੋਕਾਂ ਦਾ ਮਹਲੇ (ਜਲੂਸ ਵਿਚ ਸ਼ਬਦਾਂ ਦੇ ਨਾਲ ਨਾਲ ਭੰਗੜਾ ਭੀ ਪੈਂ ਦੇਖਿਆ ਗਿਆ। ਮਹਲਾ ਸਾਰੇ ਬਜਾਰਾਂ ਵਿਚ ਹੁੰਦਾ ਹੋਇਆ ਰਾਤ ਗੁਰਦੁਆਰਾ ਸਾਹਿਬ ਪੁ ਅਤੇ ਸਾਰੀ ਮਹਲੇ ਦੀ ਸੰਗਤ ਨੇ ਲੰਗਰ ਛਕਿਅ ਰਾਤ ੨ ਵਜੇ ਜਲੂਸ ਵਾਪਸ ਸੱਚਖੰਡ ਪੁਜਾ।

## ਹਜ਼ੂਰੀ ਕੀਰਤਨ ਸ੍ਰੀ ਆਸਾ ਜੀ ਦੀ ਵ

ਮਿਤੀ ੧੩-੧੦-੬੭ ਨੂੰ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰ ਹੋਇਆ ਨਾਲ ਹੀ ਬਾਬਾ ਨਿਧਾਨ ਸਿੰਘ ਗੁਰਦੁਆਰਾ ਸਾਹਿਬ ਵਿਖੇ ਭੀ ਸ੍ਰੀ ਆਸਾ ਜੀ ਵਾਰ ਦਾ ਕੀਰਤਨ ਆਰੰਭ ਹੋਇਆ।

ਇਹ ਇਸ ਲਈ ਕਰਨਾ ਪਿਆ ਕਿਉਂ ਦੋਵਾਂ ਵਲੋਂ ਮੰਗ ਸੀ ਕਿ ਅੰਮ੍ਰਿਤ ਵੇਲੇ ਜ਼ਰੂ ਵਕਤ ਦਿਤਾ ਜਾਵੇ। ਹਜ਼ੂਰੀ ਕੀਰਤਨ ਦਾ ੬ ਵ


www.AKJ.org

ਭੋਗ ਪਾ ਸੰਗਤਾਂ ਬਾਬਾ ਨਿਧਾਨ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਹੀ ਜਾ ਇਕੱਠੀਆਂ ਹੋਈਆਂ। ੧੧ ਵਜੇ ਤਕ ਬੜਾ ਹੀ ਅਨੰਦਮਈ ਕੀਰਤਨ ਹੋਇਆ। ੧੧ ਵਜੇ ਭੋਗ ਪਾ ਸੰਗਤਾਂ ਨੇ ਲੰਗਰ ਉਥੇ ਹੀ ਛਕਿਆ ਅਤੇ ਸੱਚਖੰਡ ਵਾਪਸ ਪੁਜੀਆਂ, ਅਤੇ ਦੋਪੈਹਰ ਆਰਾਮ ਕਰ ਸ਼ਾਮ ਨੂੰ ਸੰਗਤਾਂ ਨੇ ਸ਼ਹਿਰ ਦੀ ਸੈਰ ਕੀਤੀ।

੧. ਇਸ ਅਸਥਾਨ ਪਰ ਇਕ ਸ਼ਲਾਘਾ ਯੋਗ ਚੀਜ਼ ਵੇਖੀ ਗਈ ਕਿ ਮੰਜੀ ਸਾਹਿਬ ਦੇ ਬਾਹਰ ਜਿਥੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਦਸਮ ਬੀੜ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਕਛਹਿਰੇ ਵਾਲਾ ਸਿੰਘ ਹੀ ਦਾਖ਼ਲ ਹੋ ਸਕਦਾ ਹੈ। ਪਜਾਮੇ ਜਾਂ ਧੋਤੀ ਵਾਲੇ ਨੂੰ ਨਹੀਂ ਦਾਖ਼ਲ ਹੋਣ ਦਿਤਾ ਜਾਂਦਾ।

੨. ਇਸ ਅਸਥਾਨ ਪਰ ਦੇਗ ਯਾ ਹੋਰ ਪ੍ਰਸ਼ਾਦ ਨੂੰ ਤੀਰ ਨਾਲ ਭੋਗ ਲਾਇਆ ਜਾਂਦਾ ਹੈ ਜੋ ਮਨਮਤ ਹੈ ਜਦ ਕਿ ਗੁਰੂ ਮਹਾਰਾਜ ਦਾ ਹੁਕਮ ਸ੍ਰੀ ਸਾਹਿਬ ਨਾਲ ਭੋਗ ਲਾਉਣ ਦਾ ਹੈ।

## ਸੰਗਤਾਂ ਦਾ ਨਾਗਪੁਰ ਪੁਜਣਾ ਅਤੇ ਕੀਰਤਨ

ਮਿਤੀ ੧੪-੧੦-੬੭ ਨੂੰ ਸੰਗਤਾਂ ਅੰਮ੍ਰਿਤ ਵੇਲੇ ਉਠੀਆਂ ਅਤੇ ਨਾਗਪੁਰ ਲਈ ਕਮਰਕਸੇ ਕਰਨੇ ਸ਼ੁਰੂ ਕੀਤੇ। ਛੇ ਵਜੇ ਅਰਦਾਸਾ ਕਰ ਨਾਗਪੁਰ ਲਈ ਚਾਲੇ ਪਾਏ। ਗੁਰਦੁਆਰਾ ਸਾਹਿਬ ਦੇ ਪਰਬੰਧਕਾਂ ਨੇ ਬਹੁਤ ਹੀ ਕਿਹਾ ਕਿ ਸਵੇਰੇ ਅੰਮ੍ਰਿਤ ਵੇਲ ਕੀਰਤਨ ਕੀਤਾ ਜਾਏ ਅਤੇ ਸਿਰੋਪਾਓ ਲੈ ਕੇ ਵਿਦਾ ਹੋਣਾ, ਪ੍ਰੰਤੂ ਸੰਗਤਾਂ ਨੇ ਖਿਮਾਂ ਮੰਗ ਨਾਗਪੁਰ ਲਈ ਕਮਰਕਸੇ ਕਰ ਲਏ। ਬਸਾਂ ਹਾਲੇ ਸ੍ਰੀ ਸੱਚਖੰਡ ਸਾਹਿਬ ਤੋਂ ਦੋ ਮੀਲ ਦੂਰ ਹੀ ਗਈਆਂ ਸਨ ਕਿ ਭਾ: ਮਨਮੋਹਨ ਸਿੰਘ ਜੈਪੁਰ ਨਿਵਾਸੀ ਨੇ ਦੇਖਿਆ ਕਿ ਉਹਨਾਂ ਦੀ ਰਿਸਟ ਵਾਚ (ਘੜੀ) ਗੁੰਮ ਹੈ, ਜੋ ਸੇਵਾ ਕਰਦਿਆਂ ਬਸਾਂ ਪਰ ਸਾਮਾਨ (ਸੰਗਤ ਦੇ ਬਿਸਤਰੇ) ਲਦਦਿਆਂ ਗਿਰ ਗਈ ਸੀ। ਇਸ ਲਈ ਬਸਾਂ ਨੂੰ ਲੇਟ ਹੋਣਾ ਪਿਆ। ਭਾ: ਮਨਮੋਹਨ ਸਿੰਘ ਅਤੇ ਇਕ ਹੋਰ ਸਿੰਘ ਗੁਰਦੁਆਰਾ ਸੱਚਖੰਡ ਵਾਪਸ ਪੁਜੇ ਪ੍ਰੰਤੂ ਕੁਝ ਪਤਾ ਨਾ ਲਗਾ। ਮੈਨੇਜਰ ਗੁਰਦੁਆਰਾ ਨੂੰ ਇਤਲਾਹ ਅਤੇ ਐਡਰੈਸ ਦੇ ਕੇ ਵਾਪਸ ਆ ਗਏ। ਬਸਾਂ ਨੇ ਦੋਬਾਰਾ ੮ ਵਜੇ ਚਾਲੇ ਪਾਏ। ਸਾਡੀਆਂ ਬਸਾਂ ਅਮਰਾਵਤੀ ਸ਼ਹਿਰ ਦੇ ਨੇੜ ਆ ਕੇ ਰੁਕੀਆਂ ਅਤੇ ਸੰਗਤਾਂ ਨੇ ਦੋਪੈਹਰ ਦਾ ਪ੍ਰਸ਼ਾਦਾ ਛਕਿਆ ਅਤੇ ਦੋ ਵਜੇ ਨੂੰ ਫਿਰ ਬਸਾਂ ਚਲ ਪਈਆਂ। ਬਸਾਂ ਸਾਢੇ ਛੇ ਵਜੇ ਨਾਗਪੁਰ ਸ਼ਹਿਰ ਵਿਚ ਦਾਖਲ ਹੋਈਆਂ। ਇਹ ਸ਼ਹਿਰ ਬਬਈ ਵਾਂਗੂ ਬੜਾ ਰੌਣਕ ਵਾਲਾ ਸ਼ਹਿਰ ਹੈ ਅਤੇ ਘਣੀ ਆਬਾਦੀ ਹੈ। ਭਾ: ਸਜਣ ਸਿੰਘ ਜੋ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਭਤੀਜੇ ਹਨ; ਕਾਰ ਲਈ ਸਾਨੂੰ ਅਗੇ ਮਿਲੇ ਅਤੇ ਉਹਨਾਂ ਨੇ ਆਪਣੀ ਕਾਰ ਬਸਾਂ ਦੇ ਅਗੇ ਗਾਈਡ ਲਈ ਲਾ ਲਈ ਅਤੇ ਤਕਰੀਬਨ ਇਕ ਘੰਟੇ ਮਗਰੋਂ ਸਾਨੂੰ ਕਨਾਨ ਨਦੀ ਦੇ ਕਿਨਾਰੇ, ਕਾਮਤੀ ਕੋਲਰੀ ਜੋ ਸ਼ਹਿਰ ਤੋਂ ਤਕਰੀਬਨ ੨੦ ਮੀਲ ਦੂਰ ਹੈ, ਜਾ ਉਤਾਰਾ ਕੀਤਾ, ਕਿਉਂਕਿ ਇਥੇ ਭਾ ਸਜਣ ਸਿੰਘ ਜੀ ਦੇ ਸਪੁਤ੍ਰ ਦੇ ਗ੍ਰਹਿ ਵਿਖੇ ਸੰਗਤਾਂ ਦਾ ਰਿਹਾਇਸ਼ ਅਤੇ ਲੰਗਰ ਦਾ ਪਰਬੰਧ ਸੀ। ਉਹ ਇਥੇ ਕੋਲੇ ਦੀਆਂ ਕਾਨਾਂ ਦੇ ਜਨਰਲ ਮੈਨੇਜਰ ਸਨ। ਸੰਗਤਾਂ ਉਥੇ ਪੁਜ ਕੇ ਕੁਝ ਛਕ ਕੇ ਕੀਰਤਨ ਵਿਚ ਜੁਟ ਪਈਆਂ।


www.AKJ.Org

ਬੜਾ ਹੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ। ਸਾਢੇ ਦਸ ਵਜੇ ਭੋਗ ਪਾਇਆ ਗਿਆ ਅਤੇ ਸੰਗਤਾਂ ਨੇ ਲੰਗਰ ਛਕਿਆ। ਸੰਗਤਾਂ ਨੇ ਪ੍ਰਸ਼ਾਦਾ ਛਕਣ ਸਾਰ ਹੀ ਮੈਨੇਜਰ ਸਾਹਿਬ ਨੂੰ ਬੇਨਤੀ ਕੀਤੀ ਕਿ ਸੰਗਤਾਂ ਕੋਲੇ ਦੀਆਂ ਕਾਨਾਂ ਦੇਖਣ ਦੀਆਂ ਚਾਹਵਾਨ ਹਨ ਕਿਉਂਕਿ ਸੰਗਤਾਂ ਨੇ ਸਵੇਰੇ ਹੀ ਚਾਲੇ ਪਾ ਜਾਣੇ ਹਨ। ਮੈਨੇਜਰ ਸਾਹਿਬ ਨੇ ਸਾਡੇ ਨਾਲ ਗਾਈਡ ਕਰਮਚਾਰੀ ਤੋਰ ਦਿਤੇ। ਸਾਨੂੰ ਲਿਫਟਾਂ ਰਾਹੀਂ ੨੫੦ ਫੁਟ ਧਰਤੀ ਥਲੇ ਜਿਥੇ ਕੋਇਲੇ ਦੀ ਖੁਦਾਈ ਹੋ ਰਹੀ ਸੀ, ਲੈ ਗਏ। ਕੋਇਲੇ ਦੀ ਸੁਰੰਗ ੨੨੦੦ ਫੁਟ ਲੰਬੀ ਸੀ, ਹਰ ਸੌ ਫੁਟ ਉਤੇ ਸਜੇ ਅਤੇ ਖਬੇ ਭੀ ਸੁਰਗਾਂ ਬਣੀਆਂ ਹੋਈਆਂ ਸਨ। ਸੁਰੰਗ ਅੰਦਰ ਸਫੈਦੀ (ਕਲੀ) ਕੀਤੀ ਹੋਈ ਸੀ ਤਾਕਿ ਬਿਜਲੀ ਦੀ ਰੋਸ਼ਨੀ ਜ਼ਿਆਦੇ ਚਮਕ ਸਕੇ। ਸੰਗਤਾਂ ਨੇ ਇਹ ਜਗਾ ਦੇਖ ਆ ਕੇ ਬਿਸਰਾਮ ਕੀਤਾ।

## ਕੀਰਤਨ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਨਾਗਪੁਰ

ਮਿਤੀ ੧੫-੧੦-੬੭ ਅੰਮ੍ਰਿਤ ਵੇਲੇ ਹੀ ਸੰਗਤਾਂ ਤਿਆਰ ਹੋ ਸ਼ਹਿਰ ਬਸਾਂ ਰਾਹੀਂ ਪੁਜੀਆਂ ਅਤੇ ੫ ਵਜੇ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਦਾ ਗੁਰਦੁਆਰਾ ਸਿੰਘ ਸਭਾ ਨਾਗਪੁਰ ਵਿਖੇ ਆਰੰਭ ਹੋ ਕੇ ਸਾਢੇ ਅਠ ਵਜੇ ਭੋਗ ਪਿਆ। ਸੰਗਤਾਂ ਬਹੁਤ ਜੁੜੀਆਂ ਹੋਈਆਂ ਸਨ, ਬੜਾ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ। ਉਪ੍ਰੰਤ ਸੰਗਤਾਂ ਨੇ ੯ ਵਜੇ ਰਾਇਪੁਰ ਲਈ ਚਾਲੇ ਪਾਏ।

## ਸੰਗਤਾਂ ਦੇ ਰਾਏਪੁਰ ਤੇ ਤਿਆਰੇ ਅਤੇ ਪਹੁੰਚ

ਜਦ ਬਸਾਂ ਰਾਏਪੁਰ ਲਈ ਚਲੀਆਂ ਤਾਂ ਕਈ ਮੀਲ ਰਸਤੇ ਵਿਚ ਦੋਨੋਂ ਤਰਫ਼ ਘਣਾ ਜੰਗਲ ਹੀ ਦਿਖਾਈ ਦਿੰਦਾ ਰਿਹਾ ਅਤੇ ਕਈ ਮੀਲ ਦਾ ਸਫ਼ਰ ਕਰਨ ਮਗਰੋਂ ਸਾਡੀਆਂ ਬਸਾਂ ਮੱਧ ਪ੍ਰਦੇਸ਼ ਵਿਚ ਦਾਖ਼ਲ ਹੋਈਆਂ ਤਾਂ ਦੇਖਿਆ ਕਿ ਉਥੇ ਕਈ ਮੀਲ ਦੇ ਇਲਾਕੇ ਵਿਚ ਲਾਲ ਮਿਟੀ (ਹਿਰਮਚੀ) ਦੇ ਪਹਾੜ ਹੀ ਸਨ ਇਥੇ ਤਕ ਕਿ ਸਾਰੀ ਜ਼ਮੀਨ, ਮਕਾਨ ਅਤੇ ਦਰਖਤ ਸਭ ਲਾਲ ਹੀ ਦਿਸਦੇ ਸਨ। ਦੋਪੈਹਰ ਦਾ ਲੰਗਰ ਰਸਤੇ ਵਿਚ ਹੀ ਛਕਿਆ ਜੋ ਨਾਗਪੁਰ ਤੋਂ ਲੈ ਕੇ ਤੁਰੇ ਸੀ। ਸੰਗਤਾਂ ਬਸਾਂ ਵਿਚ ਵਾਹਿਗੁਰੂ ਦਾ ਸਿਮਰਣ ਅਤੇ ਕੀਰਤਨ ਕਰਦੀਆਂ ਸ਼ਾਮ ੭ ਵਜੇ ਰਾਏਪੁਰ ਪੁਜ ਗਈਆਂ। ਸੰਗਤਾਂ ਅਗੇ ਉਡੀਕ ਕਰ ਰਹੀਆਂ ਸਨ ਅਤੇ ਗੁ. ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਚ ਉਪਰਲੀ ਮੰਜ਼ਲ ਤੇ ਅਖੰਡ ਪਾਠ ਹੋ ਰਿਹਾ ਸੀ। ਸੰਗਤਾਂ ਨੇ ਲੰਗਰ ਛਕ ਬਿਸਰਾਮ ਕੀਤਾ।

## ਕੀਰਤਨ ਸ੍ਰੀ ਆਸਾ ਜੀ ਦੀ ਵਾਰ ਰਾਏਪੁਰ

ਮਿਤੀ ੧੬-੧੦-੬੭ ਨੂੰ ਅੰਮ੍ਰਿਤ ਵੇਲੇ ੪ ਵਜੇ ਸੰਗਤਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਗੁਰਦੁਆਰਾ ਸਿੰਘ ਸਭਾ ਆਰੰਭ ਕੀਤਾ ਬੜੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ ਜਿਸ ਦਾ ਭੋਗ ਸਾਢੇ ੭ ਵਜੇ ਪਿਆ ਅਤੇ ਬਨਫ਼ਸ਼ੇ ਚਾਹ ਲਈ ਇਕ ਗੁਰਮੁਖ ਪ੍ਰੇਮੀ ਜੋ ਇਥੋਂ ਦੇ ਇਕ ਉਘੇ ਵੈਦ ਸਨ, ਉਨਾਂ ਨੇ ਸੇਵਾ ਕੀਤੀ। ਉਨ੍ਹਾਂ ਦੀ ਜ਼ਮੀਨ ਅਤੇ ਕੋਠੀ ਸ਼ਹਿਰ ਤੋਂ ਬਾਹਰ ਸੀ। ਸੰਗਤਾਂ ਨੇ ਖਾਣ ਪੀਣ ਮਗਰੋਂ ਅਰਦਾਸਾ ਕਰ ੯ ਵਜੇ ਰੋੜਕਿਲਾ ਲਈ ਕਮਰਕਸੇ ਕਰ ਲਏ।

## ਸੰਗਤਾਂ ਦੇ ਰੋੜਕਿਲ੍ਹਾ ਲਈ ਤਿਆਰੇ ਅਤੇ ਪਹੁੰਚ

ਸਾਡੀਆਂ ਬਸਾਂ ੯ ਵਜੇ ਰੋੜਕਿਲਾ ਨੂੰ ਚਲ ਪਈਆਂ ਅਤੇ ਗੁਰੂ ਨੇਤ ਬਸਾਂ ਅਜੇ ੩੦ ਮੀਲ ਹੀ ਗਈਆਂ ਸਨ ਕਿ ਪਿਛਲੀ ਬਸ ਅਗੇ ਇਕ ਪੂਰਬੀ ਆਦਮੀ ਆ ਗਿਆ। ਬਸ ਦਾ ਡਰਾਈਵਰ ਬਹੁਤ ਹੀ ਸਿਆਣਾ ਹੋਣ ਕਰਕੇ, ਗੁਰੂ ਦੀ ਮੇਹਰ*


www.AKJ.org

# ਧਾਰਮਿਕ ਤਰੁਟੀਆਂ

( ਭਾਈ ਹਰਦੇਵ ਸਿੰਘ ਜੀ ਗੜੇਆਣਾ (ਹੁਸ਼ਿਆਰਪੁਰ )

ਸਿੱਖ ਧਰਮ ਦੀ ਅਣਗਤੀ ਦੇ ਕਾਰਣ ਤਾਂ ਹਰ ਇਕ ਸਿਖ ਨੂੰ ਦ੍ਰਿਸ਼ਟੀ ਗੋਚਰ ਹਨ ਪਰ ਧਰਮ ਦੀ ਉਨਤੀ ਲਈ ਕਦੀ ਪੰਥ ਨੇ ਸੋਚਿਆ ਹੀ ਨਹੀਂ। ਸਿਰਫ ਚੰਦ ਇਕ ਧਰਮ ਰੂਪੀ ਸ਼ਮਾਂ ਦੇ ਪ੍ਰਵਾਨੇ ਹੀ ਖਾਲਸਾ ਪੰਥ ਨੂੰ ਚੜ੍ਹਦੀ ਕਲਾ ਵਲ ਲੈਜਾਣ ਲਈ ਹੰਭਲਾ ਮਾਰਦੇ ਰਹਿੰਦੇ ਹਨ, ਫਿਰ ਭੀ ਉਹਨਾਂ ਦੀ ਕੋਸ਼ਿਸ਼ ਪੂਰੀ ਤਰ੍ਹਾਂ ਸਿਰੇ ਨਹੀਂ ਚੜ੍ਹਦੀ ਕਿਉਂਕਿ ਕੁਝ ਰਸਮਾਂ, ਕੁਰਿਹਤਾਂ ਜਨਤਾ ਦੇ ਵਿਚ ਆਮ ਹੋ ਚੁਕੀਆਂ ਹਨ, ਜਿਵੇਂ ਕਿ:—

੧. ਸਿੱਖਾਂ ਦੀ ਢਹਿੰਦੀ ਕਲਾ ਦਾ ਸਭ ਤੋਂ ਵਡਾ ਕਾਰਣ ਸਨਾਤਨ ਧਰਮ ਅਤੇ ਆਰੀਆ ਸਮਾਜ ਦੇ ਰੀਤੀ ਰਵਾਜਾਂ ਦਾ ਜਨਤਾ ਦੇ ਦਿਨ ਪ੍ਰਤੀ ਦਿਨ ਦੇ ਘਰੇਲੂ ਜੀਵਨ ਵਿਚ ਪੈਰ ਜਮਾ ਚੁਕਣਾ ਹੈ। ਜਿਸ ਸਿੱਖ ਨੂੰ ਗੁਰੂ ਸਾਹਿਬ ਦਾ ਹੁਕਮ ਹੈ ਕਿ, ਖਾਲਸਾ ਸਾਰੇ ਮੱਤਾਂ ਤੋਂ ਨਿਆਰਾ ਰਹੇ, ਅਜ ਹਿੰਦੂ ਹਰਮ ਦੇ ਨਾਲ ਮਿਲ ਜੁਲ ਗਿਆ ਹੈ। ਇਹ ਗੱਲ ਕਹਿਣ ਲੱਗੇ ਅਫਸੋਸ ਹੈ ਕਿ ਸਿਖਾਂ ਦੇ ਵਿਚ ਸਿਖੀ ਅਸੂਲ ਹੁਣ ਨਾਮ ਮਾਤਰ ਹੀ ਰਹਿ ਗਏ ਹਨ ਤੇ ਹਿੰਦੂ ਧਰਮ ਦੇ ਰੀਤੀ ਰਿਵਾਜ ਆਮ ਹੋ ਚੁਕੇ ਹਨ। ਅਜ ਦਾ ਸਿਖ ਵਿਆਹ ਸ਼ਾਦੀ ਲਈ, ਕਿਸੇ ਕੰਮ ਦੇ ਗੁਰੂ ਕਰਨ ਲਈ, ਪੰਡਤਾਂ ਦੀ ਸ਼ਰਨ ਜਾ ਕੇ ਮਹੂਰਤ ਕਢਵਾਂਦਾ ਹੈ। ਦਿਨ,

---

*ਸਦਕਾ, ਬਸ ਨੂੰ ਬਰੇਕ ਲਾ ਅਤੇ ਬਸ ਨੂੰ ਸੜਕ ਤੋਂ ਥਲੇ ਉਤਾਰ ਲਿਆ ਜਿਸ ਨਾਲ ਬਸ ਭੀ ਉਲਟਣੋਂ ਬਚਾ ਲਈ ਅਤੇ ਉਹ ਭੀ ਬਾਲ ਬਾਲ ਬਚ ਗਿਆ। ਇਹ ਵਾਰਦਾਤ ਮੱਧ ਪ੍ਰਦੇਸ਼ ਦੀ ਹਦੂਦ ਵਿਚ ਹੀ ਹੋਈ ਅਤੇ ਐਨ ਥਾਣਾ 'ਤੁਮ ਸਾਂਵ' ਦੇ ਸਾਹਮਣੇ ਹੋਈ। ਪੂਰਬੀ ਨੂੰ ਮਾਮੂਲੀ ਚੋਟਾਂ ਆਈਆਂ ਪ੍ਰੰਤੂ ਉਥੇ ਦੇ ਲੋਕ ਚੰਗੇ ਹੋਣ ਕਰਕੇ ਕਹਿਣ ਲਗੇ ਕਿ ਹਮਾਰੇ ਆਦਮੀ ਕਾ ਕਸੂਰ ਹੈ, ਆਪ ਜਾਈਏ। ਇਤਨੇ ਨੂੰ ਥਾਣੇ ਤੋਂ ਇਕ ਪੁਲਸ ਵਾਲਾ ਆ ਪੁਜਾ ਅਤੇ ਥਾਣੇ ਲੈ ਜਾਕੇ ਪੂਰਬੀਏ ਦੇ ਬਿਆਨ ਲਏ ਜਦ ਉਸਨੇ ਆਪਣੀ ਗਲਤੀ ਮੰਨੀ ਤਾਂ ਬਸਾਂ ਨੇ ਅਗੇ ਲਈ ਚਾਲੇ ਪਾਏ। ਸਾਡੇ ਨਾਲ ਡਾ: ਗੁਰਮੁਖ ਸਿੰਘ ਘਨੌਰ ਨਿਵਾਸੀ ਸਨ ਉਨ੍ਹਾਂ ਨੇ ਪੂਰਬੀਏ ਦੀ ਮਰਮ ਪਟੀ ਕੀਤੀ ਅਤੇ ਕੁਝ ਗੋਲੀਆਂ ਖਾਣ ਨੂੰ ਦਿਤੀਆਂ। ਅਗੇ ਭੀ ਰਸਤਾ ਜੰਗਲ ਅਤੇ ਪਹਾੜੀ ਹੀ ਸੀ। ਕਿਧਰੇ ਕਿਧਰੇ ਜੀਰੀ ਦੀ ਫਸਲ ਦਿਸਦੀ ਸੀ। ਤਿੰਨ ਵਜੇ ਸਾਡੀਆਂ ਬਸਾਂ ਉੜੀਸਾ ਪ੍ਰਾਂਤ ਵਿਚ ਦਾਖਲ ਹੋਈਆਂ। ਇਸ ਇਲਾਕੇ ਦੇ ਲੋਕੀ ਬਹੁਤ ਹੀ ਗਰੀਬ ਹਨ, ਆਦਮੀ ਧੋਤੀ ਅਤੇ ਬਨੈਨ ਨਾਲ ਗੁਜ਼ਾਰਾ ਕਰਦੇ ਹਨ ਅਤੇ ਤੀਵੀਆਂ ਇਕ ਧੋਤੀ ਵਿਚ ਹੀ ਜ਼ਿੰਦਗੀ ਬਸਰ ਕਰਦੀਆਂ ਹਨ। ਰਸਤੇ ਵਿਚ ਹੀਰਾ ਕੁੰਡ ਡੈਮ ਵੇਖਿਆ ਜੋ ਥੋੜੇ ਸਮੇਂ ਤੋਂ ਹੀ ਤਿਆਰ ਹੋਇਆ ਹੈ। ਰਾਤ ੧੧ ਵਜੇ ਰੋੜਕਿਲਾ ਪੁਜੇ। ਅਗੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਸੈਕਟਰੀ ਸਾਹਿਬ ਅਤੇ ਹੋਰ ਸਾਥੀ ਖੜੇ ਉਡੀਕ ਰਹੇ ਸਨ। ਉਨ੍ਹਾਂ ਨੇ ਜੀ ਆਇਆਂ ਆਖਿਆ ਅਤੇ ਸੰਗਤਾਂ ਨੇ ਲੰਗਰ ਛਕ ਰਾਤ ਬਿਸਰਾਮ ਕੀਤਾ। (ਚਲਦਾ)



www.AKJ.org

ਵਾਰ ਦੀ ਵਿਚਾਰ ਕਰਦਾ ਹੈ, ਸੂਤਕ ਪਾਤਕ, ਜੰਤ੍ਰ ਮੰਤ੍ਰ ਆਦਿ ਤੇ ਨਿਸਚਾ ਰਖਦਾ ਹੈ ਅਤੇ ਗੁਰੂ ਸਾਹਿਬਾਨ ਦੇ ਮੁਖਵਾਕਾਂ ਉਪਰ ਕੋਈ ਨਿਸਚਾ ਨਹੀਂ ਰਖਦਾ।

ਗੁਰੂ ਮਹਾਰਾਜ ਨੇ ਸਾਨੂੰ, ਸਗਨ, ਅਪਸਗਨ, ਦਿਨ ਵਾਰ,ਸੂਤਕ ਪਾਤਕ ਦੇਭਰਮਾਂ ਤੋਂ ਰਹਿਤ ਹੋਣ ਦਾ ਉਪਦੇਸ਼ ਦਿੱਤਾ ਹੈ। ਇਸ ਲਈ ਹਰ ਗੁਰਸਿਖ ਨੂੰ ਚਾਹੀਦਾ ਹੈ ਕਿ ਉਹ ਆਪਣਾ ਜੀਵਨ ਗੁਰੂ ਜੀ ਦੇ ਅੰਕਤ ਅਸੂਲਾਂ ਦੇ ਮੁਤਾਬਕ ਚਲਾਵੇ, ਪੰਡਤਾਂ, ਸੰਤਾਂ ਮਹੰਤਾਂ ਤੋਂ ਛੁਟਕਾਰਾ ਪਾਵੇ। ਹਰ ਕੰਮ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰ ਕੇ ਹੁਕਮਨਾਮਾ ਲੈ ਅਰੰਭ ਕਰੇ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੇ।

੨ ਦੂਸਰਾ ਕਾਰਣ ਜੋ ਪੰਥ ਨੂੰ ਠੇਸ ਲਾ ਰਿਹਾ ਹੈ ਉਹ ਇਹ ਹੈ ਕਿ ਸਿਖ ਜਨਤਾ ਦੇਹਧਾਰੀ ਗੁਰੂਆਂ ਨੂੰ ਮੰਨਣ ਲਗ ਪਈ ਹੈ। ਅਜ ਦਾ ਅਖੌਤੀ ਸਿਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਕਿ, ਦੇਹਧਾਰੀ ਗੁਰੂ ਨੂੰ ਨਹੀਂ ਮੰਨਣਾਂ ਅਤੇ ਖਾਲਸਾ ਪੰਥ ਦਾ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਹਨ, ਨੂੰ ਅਖੋਂ ਉਹਲੇ ਕਰੀ ਬੈਠਾ ਹੈ। ਇਸ ਲਈ ਸਿੱਖ ਜਨਤਾ ਨੂੰ ਚਾਹੀਦਾ ਹੈ ਕਿ ਜ਼ਾਹਰਾ ਜ਼ਹੂਰ ਸਰਬ ਕਲਾ ਭਰਪੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਅਤੇ ਦੇਹਧਾਰੀ ਗੁਰੂਆਂ ਤੋਂ ਛੁਟਕਾਰਾ ਪਾਵਣ।

੩. ਗੁਰਮਤ ਅਨੁਸਾਰ ਮੂਰਤੀ ਪੂਜਾ, ਮਠ, ਮੜ੍ਹੀ ਪੂਜਾ, ਵਿਵਰਜਤ ਹਨ ਪਰ ਆਮ ਜਨਤਾ ਨੇ ਇਸ ਨਿਯਮ ਨੂੰ ਅਪਨਾਣ ਦੀ ਕੋਸ਼ਿਸ਼ ਨਹੀਂਕੀਤੀ ਇਸ ਪ੍ਰਕਾਰ ਮੱਠ, ਮੜ੍ਹੀ ਅਤੇ ਗੁਰੂ ਸਾਹਿਬਾਨ ਦੀਆਂ ਮਨਘੜਤ ਤਸਵੀਰਾਂ ਦੀ ਪੂਜਾ ਅਜ ਆਮ ਹੋ ਰਹੀ ਹੈ। ਗੁਰਦਵਾਰੇ ਜੋ ਕਿ ਗੁਰਮਤ ਪ੍ਰਚਾਰ ਦਾ ਕੇਂਦਰ ਹਨ, ਉਹਨਾਂ ਵਿਚ ਭੀ ਮਨਘੜਤ ਤਸਵੀਰਾਂ ਲਗਾਈਆਂ ਜਾਂਦੀਆਂ ਹਨ ਅਤੇ ਸੰਗਤ ਇਹਨਾਂ ਤਸਵੀਰਾਂ ਨੂੰ ਨਮਸਕਾਰ ਕਰਦੀ ਹੈ ਜੋ ਕਿ ਗੁਰਮਤ ਦੇ ਪ੍ਰਤੀਕੂਲ ਹੈ। ਇਸ ਲਈ ਗੁਰਦਵਾ-ਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਕਿਸੇ ਭੀ ਗੁਰਦਵਾਰੇ ਦੇ ਵਿਚ ਇਹੋ ਜਹੀਆਂ ਤਸਵੀਰਾਂ ਨਾ ਲਗਾਈਆਂ ਜਾਣ ਤਾਂ ਕਿ ਗੁਰੂ ਸਾਹਿਬਾਨ ਦੀ ਬੇਅਦਬੀ ਨਾ ਹੋ ਸਕੇ। ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੇ ਤਾਂ ਇਸ ਗਲ ਤੇ ਕਾਫੀ ਜ਼ੋਰ ਦਿਤਾ ਹੈ ਪਰ ਜਿਹੜੇ ਗੁਰਦਵਾਰੇ ਇਸ ਕਮੇਟੀ ਦੇ ਪ੍ਰਬੰਧ ਹੇਠ ਨਹੀਂ ਹਨ ਉਹਨਾਂ ਵਿਚ ਭੀ ਇਸ ਊਣਤਾਈ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ।

੪. ਇਸ ਗੱਲ ਦਾ ਭੀ ਸਿੱਖ ਧਰਮ ਦੀ ਗਿਰਾਵਟ ਨਾਲ ਡੂੰਘਾ ਸਨਬੰਧ ਹੈ ਕਿ ਗੁਰਦਵਾ-ਰਿਆਂ ਦੇ ਸਥਾਨੀ ਪ੍ਰਬੰਧਕ ਕਮੇਟੀਆਂ ਦੇ ਉਹਦੇਦਾਰ ਆਮ ਤੌਰ ਤੇ ਪੁਲੀਟੀਕਲ ਪ੍ਰਭਾਵ ਯਾ ਕੋਈ ਸਰਕਾਰੀ ਅਫਸਰ ਹੀ ਹੁੰਦੇ ਹਨ। ਇਹਨਾਂ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਪੰਥ ਦੇ ਹਿੱਤ ਲਈ ਉਹ ਗੁਰਮਤਿ ਅਸੂਲਾਂ ਤੇ ਚਲਣ ਤਾਂ ਕਿ ਉਹ ਚੰਗੇ ਪੰਥ ਪ੍ਰਦਰਸ਼ਕ ਬਣ ਸਕਣ। ਜੇਕਰ ਉਹ ਇਝ ਕਰਨ ਤੋਂ ਅਸਮਰਥ ਹੋਣ ਤਾਂ ਉਹ ਸਜਣ ਫੋਕੀ ਚੌਧਰ ਨੂੰ ਛਡਣ ਤੋਂ ਗਰੇਜ਼ ਨਾ ਕਰਨ ਤਾਂ ਕਿ ਉਹ ਪੰਥ ਦੀ ਤਰੱਕੀ ਦੇ ਰਾਹ ਵਿਚ ਰੋੜਾ ਨਾ ਬਣੇ ਰਹਿਣ।

ਉਪਰੋਕਤ ਤਰੁਟੀਆਂ ਆਮ ਤੌਰ ਤੇ ਪੇਂਡੂ ਜਨਤਾ ਅਤੇ ਗੁਰਦਵਾਰਿਆਂ ਵਿੱਚ ਮਹਿਸੂਸ ਹੁੰਦੀਆਂ ਹਨ। ਉਮੀਦ ਕਰਦਾ ਹਾਂ ਕਿ ਪਾਠਕ ਜਨ ਇਹਨਾਂ ਕਮਜ਼ੋਰੀਆਂ ਨੂੰ ਪੜ੍ਹਕੇ ਦੂਰ ਕਰਨ ਵਿਚ ਜੁਟ ਜਾਣਗੇ ਅਤੇ ਸਿਖ ਧਰਮ ਦੀ ਤਰੱਕੀ ਵਿਚ ਆਪਣਾ ਯੋਗ ਹਿਸਾ ਪਾਣਗੇ।

———


www.AKJ.org

ਜੇ ਤੁਸੀਂ

ਆਪਣੇ ਪਰਵਾਰ ਨੂੰ,
ਨੌਜਵਾਨ ਬੱਚੇ ਬੱਚੀਆਂ ਨੂੰ,
ਅੱਜ ਦੀ ਸਾਇੰਸੀ ਦੁਨੀਆਂ ਵਿਚ
ਗੁਰਮਤਿ ਦਾ ਸਹੀ ਚਾਨਣ
ਦੇਣਾ ਚਾਹੁੰਦੇ ਹੋ, ਤਾਂ-ਹਰ ਮਹੀਨੇ

ਮਾਸਕ ਪੱਤਰ **ਸੂਰਾ**

ਤੁਹਾਡੇ ਘਰ ਪੁਜਣਾ ਜ਼ਰੂਰੀ ਹੈ।

ਜਿਸ ਦਾ ਸਾਲਾਨਾ ਚੰਦਾ
ਦੇਸ ੬) ਰੁਪੈ ਪ੍ਰਦੇਸ ੧੦) ਰੁਪੈ
ਪ੍ਰਤੀ ਕਾਪੀ ੬੦ ਪੈਸੇ

ਅਜ ਹੀ ਪੱਕੇ ਗਾਹਕ ਬਣੋ!

ਮਿਲਣ ਦਾ ਪਤਾ:-ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ


www.AKJ.org